Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਅਪ੍ਰੈਲ 2016 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂੰਹ ਪੰਜਾਬੀਆਂ ਨੂੰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ !

### ਕਣਕਾਂ ਦੀ ਮੁੱਕ ਗਈ ਰਾਖੀ..ਓ ਜੱਟਾ ਆਈ ਵਿਸਾਖੀ

ਜਿੱਥੇ ਰੁੱਤ ਵਿਸਾਖੀ ਦੀ ਲੈ ਕੇ ਆਉਦੀ ਮਸਤ ਬਹਾਰਾਂ.....
ਪਾ ਭੰਗੜੇ ਨੱਚਦੇ ਨੇ ਥਾਂ ਥਾਂ ਗੱਭਰੂ ਤੇ ਮੁਟਿਆਰਾਂ..



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

मैथाल्वी...

# जउ तउ प्रेम खेलण का चाउ...



श्री गुरू नानक देव जी, सिक्ख धर्म के संस्थापक ने मानव समाज के उत्थान के लिए '**न कोई हिन्दु न कोई मुसलमान**' का नारा बुलंद किया था। अर्थात् '**एक पिता एकस के हम बारिक**' कहा था। उस समय जन साधारण के दुखों का मूल कारण अज्ञानता, प्राधीनता, आर्थिक विषमता तथा जाति पाति पर वर्गीकरण इत्यादि थे। उन्होंने एक स्बल, स्वतंत्र अथवा स्वावलम्बी व्यक्तित्व के मानव की परिकल्पना की थी, जो कि सदैव निस्वार्थ भाव से परहितं कार्यरत रहें। गुरू जी ने विचार दिया था कि सत्ताधारी को धर्मी पुरुष होना चाहिए अथवा सत्ता को धर्मी पुरुषों के हाथों में सौंपा जाना चाहिए अन्यथा आदर्श समाज की कल्पना व्यर्थ है। इस लक्ष्य की प्राप्ति के लिए सब गुरू साहिबों ने 239 वर्ष का समय लगाया। गुरू नानक जी ने क्रान्तिकारी आदेश दिए थे –

**जउ तउ प्रेम खेलण का चाउ। सिरू धरि तल्ली गली मेरी आउ।।**
**इतु मारगि पैरू धरीजै। सिरू दीजै काणि न कीजै।।**

इस उद्देश्य की पूर्ति के लिए उन्होंने अपना त्रि-सूत्रीय कार्यक्रम प्रस्तुत किया था। अर्थात् किरत करो, वंड छको, नाम जपो। अन्त में गुरू गोबिंद सिंघ जी ने इस परिकल्पना को संपूर्ण करने के लिए लंबी तैयारी के पश्चात् एक योजनाबद्ध कार्यक्रम बनाया और उसको क्रियान्वित करने के लिए पहली वैशाखी सन् 1699 का दिन निश्चित किया।

श्री गुरू गोबिंद सिंघ जी को अन्याय का सामना करने के लिए शक्ति की आवश्यकता थी। सन् 1699 की वैशाखी के समय गुरू गोबिंद सिंघ जी ने एक विशेष समारोह का आयोजन करके सिक्खो को भारी संख्या में आनंदपुर साहिब पहुंचने के लिए निमंत्रण किया। पहली वैसाखी पर गुरू जी ने विशेष स्थल में मुख्य समारोह का प्रारम्भ प्रात:काल आसा दी वार कीर्तत से किया और गुरू शब्द, उपदेशों पर विचार हुआ। दीवान की समाप्ति के समय गुरू गोबिंद सिंघ जी मंच पर हाथ में नंगी तलवार लिए हुए पधारे और उन्होंने वीर रस में प्रवचन करते हुए कहा – मुगलों के अत्याचार निरंतर बढ़ते जा रहे है। हमारी बहू-बेटियों की इज्ज़त भी सुरक्षित नहीं रही। अत: हमें अकाल पुरख की आज्ञा हुई है कि अत्याचार-पीड़ित धर्म की रक्षा हेतु वीर योद्धायों की आवश्यकता है जो अपने प्राणों की आहुति देकर दुष्टों का दमन करना चाहते है वह अपना शीश मेरी इस रणचण्डी (तलवार) को भेंट में दे। तभी उन्होंने अपनी म्यान में से कृपाण (श्री साहिब) निकाली और ललकारते हुए सिंघ गर्जना में कहा – है कोई मेरा प्यारा शिष्य जो आज मेरी इस रणचण्डी की प्यास अपने रक्त से बुझा सके। इस प्रश्न को सुनते ही सभा में संनाटा छा गया। परंतु गुरू जी के दोबारा चुनौती देने पर एक निष्कावान व्यक्ति हाथ जोड़कर उठा और बोला – मैं हाज़िर हूँ। यह लाहौर निवासी दयाराम (खतरी) था। कहने लगा मेरी अवज्ञा क्षमा कर दें, मैंने देर कर दी। मेरा सिर हाज़िर है कृप्या इसे स्वीकार करें। गुरू जी उसे बाजु से पकड़कर एक विशेष तम्बू में ले गए। कुझ क्षणों में ही वहां से वही खून से सनी हुई तलवार लिए हुए लौट आए तथा फिर दूसरे ललकार से दिल्ली निवासी धर्मदास (जाट) उठा और बलिदान दिया। इसी तरह भाई मुहकम चन्द (छींबा), द्वारका निवासी (गुजरात), भाई हिम्मत चन्द (लांगरी) निवासी जगननाथपुरी उड़ीसा और भाई साहिब चन्द (नाईं) निवासी बिदर करनाटका ने अपने सीस भेंट किए।

इस उपरन्त गुरू जी ने भाई चउपति राए को आदेश दिया कि चरणमण्त वाले मटके को पानी सहित सतलुज में प्रवाहित कर दे और उसके स्थान पर सरब लोह के बाटे में स्वच्छ जल भर कर लाए। इस लोह पात्र को बीर रस आसन में होकर खण्डा (दोधारी तलवार) से घुमाते हुए माता साहिब देवी (सुपत्नी) द्वारा बताशें भेंट किए इस जल में मिला दिए। सर्वप्रथम गुरू जी ने जपुजी साहिब का पाठ किया तदपश्चात् जापु साहिब, सवैया, चौपई साहिब तथा आनन्द साहिब का क्रमश: पाठ किया, समाप्ति पर अरदास की और जयकारे के पश्चात् '**खण्डे का अमृत**' वितरण करने की मर्यादा प्रारम्भ की। सर्वप्रथम गुरू जी ने तैयार अमृत

(पाहुल) के छींटे उनकी आंखों, केशों और शरीर पर मारते हुए आज्ञा दी कि वह सभी बारी–बारी बाटे (लोह पात्र) में से अमृतपान करें (पीयें) यही क्रिया पुन वापस दुहराई अर्थात् उसी बर्तन से दो बार अमृत पान करने को कहा जिससे ऊँच नीच का भ्रम सदैव के लिए समाप्त हो जाये और एक भ्रातृत्त्व भावना उतपन्न हो। आपने उसी समय पाँचों सिक्खों के नाम के साथ 'सिंघ' शब्द लगा दिया जिसका अर्थ है बब्बर शेर। गुरू जी ने कहा कि आज तुम्हारा पहला जन्म, जाति, कुल, धर्म सभी समाप्त हो गए हैं। आज से आप गुरू वाले हो गए हो। अत: आज से तुम मेरे जन्में पुत्र हो, तुम्हारी माता साहिब कौर, निवासी केशगढ़, आनंदपुर साहिब है और तुम्हारी जाति खालसा है क्योंकि सिंघों की केवल एक ही जाति होती है। अब आपकी वेश–भूषा पाँच ककारी वर्दी होगी– केश, कंघा, कड़ा, कछहरा तथा कृपाण। आप नाम बाणी का अभ्यास अवश्य ही करोगे। उपजीविका के लिए धर्म की किरत करोगे और अर्जित धन बांट कर सेवन करोगे और इसके अतिरिक्त चार शपथे (रहित) दिलवाई – केशों का अपमान न करना, कुटठा न खाना, परस्त्री या परपुरुष का गमन न करना और तम्बाकू का सेवन न करना।

गुरू जी ने पाँचों को परमेश्वर रूप में उनको गुरू बनाया और उनको गुरू मानते हुए उनसे अमृतपान करके गोबिंद राए से गोबिंद सिंघ सजे। गुरू जी ने कहा कि भेंट में अमृत का मूल्य तो नहीं दे सकता परन्तु समय आने पर अपने आप को परिवार सहित निशावर कर दूंगा। गुरू जी ने कहा –

**''खालसा अकाल पुरख की फौज।**
**प्रगटियो खालसा परमातम की मौज।।''**

अपने आप को गुरू जी ने कहा '**मै हो परम पुरख का दासा। देखन आयो जगत तमाशा। जो हमको परमेसर उचरे है। वे सब नरक कुंड महिं परहें।**' उन्होंने कहा '**खालसा मेरो रूप है खास। खालसे महि हों करों निवास।** और **रहिणी रहै सोई सिख मेरा, उह ठाकुर में उसका चेरा। रहित बिना न सिख कहावै, रहित बिना दर चौटा खावै, रहित बिना सुख कबहू न लहै, तां ते रहित मु दृढ़ कर रहे।**'

गुरू जी के उपदेश अनुसार केवल वेश–भूषा सिक्खों वाली डालने से धर्म का वास्तविक लाभ प्राप्त नहीं होता। जिन सिक्खों ने अपने मन को समर्पित नहीं किया अथवा वाणी, रहणी (जीवन चरित्र) के व्यवहारिक रूप नहीं दिया, उनकी बाहरी दिखावट केवल धर्म का ढकोसला बनकर रह जाता है। काम, क्रोध, लोभ, मोह, अहँकार पर काबू पाकर, अन्त: करण की शुद्धि, त्याग, मधुरभाणी, परोपकार जैसे ऊँचे आदेर्शों पर आचरण करने पर बाहरी रहित की शोभा बढ़ती है और व्यक्ति सिंघों जैसा बन जाता है।

**गुरचरण सिंह**
**प्रधान व मुख्य संपादक**
**बाबा मक्खन शाह लुबाना फाऊंडेशन (रजि.) चंडीगढ़**
**मो. 98140-17067**

# खालसा साजना दिवस की लाख-लाख बधाई।

# ਲੁਬਾਣਾ ਸੇਵਕ

**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
**Major Narinder Singh Jallo (Retd.)**
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 50 | ਅਪ੍ਰੈਲ - 2016


| | | |
|---|---|---|
| 1. | ਵਿਸਾਖੀ ਖੁਸ਼ੀਆਂ-ਖੇੜਿਆਂ ਦਾ ਤਿਉਹਾਰ | 5 |
| 2. | ਖ਼ਾਲਸੇ ਦੀ ਸਾਜਨਾ - ਇਕ ਯੁੱਗ ਪਲਟਾਊ ਘਟਨਾ | 7 |
| 3. | ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ | 9 |
| 4. | ਦੇਸ਼ ਦੀ ਨਵਉਸਾਰੀ ਲਈ ਚਿੰਤਤ ਸਨ ਡਾ. ਅੰਬੇਡਕਰ | 11 |
| 5. | ਬੂੰਦ-ਬੂੰਦ ਲਈ ਤਰਸ ਰਹੇ ਅਸੀਂ ਪੁੱਤ ਦਰਿਆਵਾਂ ਦੇ | 13 |
| 6. | ਸ਼ੁੱਭ ਅਨੰਦ ਕਾਰਜ | 15-16 |
| 7. | ਨਵੀਆਂ ਜਮਾਤਾਂ ਨਵੇਂ ਸੁਪਨੇ | 17 |
| 8. | ਸਾਦਗੀ ਵਿਚ ਹੀ ਤਾਜ਼ਗੀ ਹੈ | 18 |
| 9. | ਕਹਾਣੀ (ਟੁਕੜੇ-ਟੁਕੜੇ ਹੋਈ ਸੋਚ) | 19 |
| 10. | ਧਰਮ ਦੇ ਨਾਂਅ 'ਤੇ ਵਧ ਰਿਹੈ ਅੰਧਵਿਸ਼ਵਾਸ ਦਾ ਕਾਰੋਬਾਰ | 22 |
| 11. | ਕਾਵਿ-ਕਿਆਰੀ | 24 |
| 12. | ਸ਼ੋਕ ਸਮਾਚਾਰ | 25-26 |
| 13. | ਸਿਹਤ ਸੰਭਾਲ | 27 |
| 14. | ਸ਼ੁੱਭ ਵਿਆਹ | 29 |
| 15. | संघर्ष सफलता की सीढ़ी है | 30 |
| 16. | जीने का अंदाज़ | 30 |
| 17. | Dr. Ajmer Singh Conservative Soils (Retd.) | 31 |
| 18. | Increasing stress among teenagers | 32 |
| 19. | ਦਾਨੀ ਸੱਜਣਾਂ ਦੀ ਸੂਚੀ | 33 |
| 20. | ਫਾਊਂਡੇਸ਼ਨ ਡੇ 'ਤੇ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ | 38 |
| 21. | History of the invension of usable rubber | 39 |
| 22. | List of Life Members of Baba Makhan Shah Lobana | 40 |
| 23. | List of Lobana Sewak Members of BMSL.... | 41 |
| 24. | Matrimonial | 42 |


**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**

**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਵਿਸਾਖੀ ਖੁਸ਼ੀਆਂ-ਖੇੜਿਆਂ ਦਾ ਤਿਉਹਾਰ

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,**
**ਮੀਂਹਾਂ ਦੀ ਉਡੀਕ ਤੇ ਸਿਆੜ ਕੱਖ ਕੇ, ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,**
**ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,**
**ਕੱਛੇ ਮਾਰ ਵੰਝਲੀ ਅੰਨਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**
**- ਧਨੀ ਰਾਮ ਚਾਤ੍ਰਿਕ**



ਭਾਰਤ ਵਿੱਚ ਵਿਸਾਖੀ ਦੇ ਮਹੀਨੇ ਅਰਥਾਤ 'ਵਿਸਾਖੀ' ਦੇ ਮੇਲੇ ਅਤੇ ਤਿਉਹਾਰ ਦੇ ਮਹੱਤਵ ਦੇ ਪਿਛੋਕੜ ਵਿੱਚ ਕੁਝ ਮਿਥਿਹਾਸਕ ਵਿਸ਼ਵਾਸ, ਪ੍ਰਕਿਰਤਕ ਆਰਥਿਕ ਪ੍ਰਸਿਥਤੀਆਂ, ਧਾਰਮਿਕ ਮਾਨਤਾਵਾਂ, ਸੱਭਿਆਚਾਰਕ ਲੋੜਾਂ ਅਤੇ ਇਤਿਹਾਸਕ ਸੱਚ ਦੇ ਵੱਖ-ਵੱਖ ਪਸਾਰ ਖੁੱਲ੍ਹਦੇ ਹਨ। ਪ੍ਰਕਿਰਤਕ ਅਰਥਾਤ ਰੁੱਤ-ਚੱਕਰ ਦੀ ਸਥਿਤੀ ਦੇ ਆਧਾਰ 'ਤੇ ਵਿਸਾਖੀ ਦਾ ਮਹੀਨਾ ਖੁਸ਼ੀਆਂ-ਖੇੜਿਆਂ ਭਰਪੂਰ ਹੁੰਦਾ ਹੈ। ਇਸ ਮਹੀਨੇ ਪ੍ਰਕਿਰਤੀ ਆਪਣੇ ਪੂਰੇ ਜੋਬਨ ਉੱਤੇ ਹੁੰਦੀ ਹੈ। ਫੁੱਲ-ਬੂਟੇ ਵੇਸ ਬਦਲਦੇ ਹਨ ਭਾਵ ਪੂਰੀ ਤਰ੍ਹਾਂ ਖਿੜਦੇ-ਮੌਲਦੇ ਅਤੇ ਰੰਗਾਂ ਵਿੱਚ ਰੰਗੇ ਜਾਂਦੇ ਹਨ। ਇਸ ਵਿੱਚ ਹਿੰਦੂ, ਮੁਸਲਮਾਨ, ਸਿੱਖ ਅਤੇ ਈਸਾਈ ਸਾਰੇ ਧਾਰਮਿਕ ਭਿੰਨ-ਭੇਦ ਮਿਟਾ ਕੇ ਸ਼ਾਮਲ ਹੁੰਦੇ ਰਹੇ ਹਨ। ਖੁਸ਼ੀਆਂ ਵੰਡਦਾ ਵਿਸਾਖੀ ਦਾ ਤਿਉਹਾਰ ਸਮੂਹ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਰੱਖਦਾ ਹੈ। ਇਸ ਤਿਉਹਾਰ ਨਾਲ ਕਈ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਸ ਕਰਕੇ ਇਸ ਦੀ ਵਿਸ਼ੇਸ਼ਤਾ ਉਘੜਵੇਂ ਰੂਪ ਵਿੱਚ ਉਜਾਗਰ ਹੁੰਦੀ ਹੈ। ਖ਼ਾਲਸਾ ਪੰਥ ਦੀ ਸਾਜਨਾ ਅਤੇ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ ਵਿਸਾਖੀ ਨਾਲ ਸਬੰਧਿਤ ਇਤਿਹਾਸਕ ਘਟਨਾਵਾਂ ਹਨ ਜਿਨ੍ਹਾਂ ਦੀ ਭਾਰਤੀ ਇਤਿਹਾਸ ਉੱਤੇ ਡੂੰਘੀ ਛਾਪ ਹੈ।

ਆਰਥਿਕ ਪੱਖ ਤੋਂ ਵਿਸਾਖ ਦਾ ਮਹੀਨਾ ਹਰੇਕ ਲਈ ਖੁਸ਼ੀ ਦਾ ਸਮਾਂ ਹੁੰਦਾ ਹੈ। ਉੱਤਰੀ ਭਾਰਤ ਵਿੱਚ ਹਾੜੀ ਦੀ ਫ਼ਸਲ ਕਣਕ, ਜੋ ਇਸ ਖਿੱਤੇ ਦੀ ਮੁੱਖ ਫ਼ਸਲ ਹੈ, ਇਸ ਸਮੇਂ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਫ਼ਸਲ ਨਾਲ ਕਿਸਾਨਾਂ ਦੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਲੋੜਾਂ ਜੁੜੀਆਂ ਹੋਈਆਂ ਹਨ। ਕਣਕ ਦੀ ਵਾਢੀ ਵੈਸਾਖੀ ਵਾਲੇ ਦਿਨ ਪਾਈ ਜਾਂਦੀ ਹੈ। ਸਪੱਸ਼ਟ ਹੈ ਇਸ ਮਹੀਨੇ ਅਤੇ ਦਿਨ ਦਾ ਸੰਬੰਧ ਕਿਰਸਾਨ ਅਤੇ ਹੋਰ ਸਭ ਦੀ ਆਰਥਿਕਤਾ ਨਾਲ ਹੈ। ਧਾਰਮਿਕ ਮਾਨਵਤਾਵਾਂ ਅਨੁਸਾਰ ਵੀ ਇਹ ਮਹੀਨਾ ਸ਼ੁਭ ਮੰਨੇ ਜਾਣ ਕਾਰਣ ਵਿਆਹ-ਸ਼ਾਦੀਆਂ ਲਈ ਇਹ ਦਿਹਾੜਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ।


**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**




ਜਦੋਂ ਜੋਬਨ 'ਤੇ ਆਈ ਕਣਕ ਦੀ ਫ਼ਸਲ ਦੇ ਸੁਨਹਿਰੀ ਸਿੱਟੇ ਹਵਾ ਵਿੱਚ ਝੂਮਦੇ ਹਨ ਤਾਂ ਕਿਸਾਨ ਦਾ ਮਨ ਵਜਦ ਵਿੱਚ ਆ ਜਾਂਦਾ ਹੈ। ਮਿਹਨਤ ਨਾਲ ਪਾਲੀ ਫ਼ਸਲ ਉਹ ਦੇ ਸਾਹਮਣੇ ਝੂਮਦੀ ਉਸ ਨੂੰ ਅਕਹਿ ਖੁਸ਼ੀ ਪ੍ਰਦਾਨ ਕਰਦੀ ਹੈ ਜਿਸ ਕਰਕੇ ਉਹ ਆਪ ਮੁਹਾਰਾ ਹੀ ਨੱਚ ਉੱਠਦਾ ਹੈ। ਉਸ ਦੇ ਨੈਣਾਂ ਵਿੱਚ ਅਨੇਕਾਂ ਸੁਪਨੇ ਹੁੰਦੇ ਹਨ। ਭਰਪੂਰ ਫ਼ਸਲ ਦੀ ਪ੍ਰਾਪਤੀ ਲਈ ਸ਼ੁਕਰਾਨੇ ਵਜੋਂ ਕਿ ਵਿਸਾਖੀ ਮਨਾਉਂਦੇ ਹਨ। ਕਿਸਾਨ ਪਰਿਵਾਰ ਤੋਂ ਬਿਨਾਂ ਪਿੰਡਾਂ ਵਿੱਚ ਵਸਦੀਆਂ ਹੋਰਨਾਂ ਧੰਦਿਆਂ ਨਾਲ ਜੁੜੀਆਂ ਜਾਤੀਆਂ ਦੇ ਲੋਕ ਵੀ ਇਹ ਤਿਉਹਾਰ ਉਸੇ ਉਤਸ਼ਾਹ ਨਾਲ ਮਨਾਉਂਦੇ ਹਨ, ਜਿਸ ਨਾਲ ਕਿਸਾਨ ਮਨਾਉਂਦਾ ਹੈ। ਔਰਤਾਂ, ਮਰਦ, ਬੱਚੇ ਬੈਲ ਗੱਡੀਆਂ, ਘੋੜਿਆਂ ਅਤੇ ਊਠਾਂ 'ਤੇ ਸਵਾਰ ਹੋ ਕੇ ਵਿਸਾਖੀ ਦਾ ਮੇਲਾ ਵੇਖਣ ਜਾਂਦੇ ਹਨ। ਮੇਲਾ ਦੇਖਣ ਜਾਂਦੇ ਪੰਜਾਬੀਆਂ ਦੀ ਝਾਲ ਝੱਲੀ ਨਹੀਂ ਜਾਂਦੀ।

ਉਹ ਆਪਣੇ ਆਪ ਨੂੰ ਸ਼ਿੰਗਾਰ ਕੇ ਵੰਨ-ਸੁਵੰਨੇ ਪਹਿਰਾਵੇ ਪਹਿਨੀਂ ਮੇਲੇ ਦੀ ਰੌਣਕ ਵਧਾਉਂਦੇ ਹਨ। ਮੇਲੇ ਵਿੱਚ ਲੋਕਾਂ ਦਾ ਹੜ੍ਹ ਠਾਠਾਂ ਮਾਰ ਰਿਹਾ ਹੁੰਦਾ ਹੈ। ਇੱਥੇ ਪੰਜਾਬ ਦਾ ਨੱਚਦਾ-ਗਾਉਂਦਾ ਸੱਭਿਆਚਾਰ ਪ੍ਰਤੱਖ ਦਿਸਦਾ ਹੈ। ਮੇਲੇ ਵਿੱਚ ਲੋਕ ਸਾਹਿਤ ਦੀਆਂ ਕੂਲ੍ਹਾਂ ਆਪ ਮੁਹਾਰੇ ਹੀ ਵਹਿ ਰਹੀਆਂ ਹੁੰਦੀਆਂ ਹਨ। ਕਿਧਰੇ ਕਵੀਸ਼ਰਾਂ ਦੇ

ਗਾਉਣ, ਕਿਧਰੇ ਢੱਡ ਸਾਰੰਗੀ ਵਾਲਿਆਂ ਦੇ ਅਖਾੜੇ ਅਤੇ ਨਚਾਰਾਂ ਦੇ ਜਲਸੇ ਆਪਣਾ ਜਲੌਅ ਦਿਖਾ ਰਹੇ ਹੁੰਦੇ ਹਨ। ਅਸਮਾਨ ਛੂੰਹਦੇ ਸਰਕਸਾਂ ਦੇ ਸਾਇਬਾਨ ਜਨ-ਸਮੂਹ ਨੂੰ ਆਪਣੇ ਵੱਲ ਖਿੱਚਦੇ ਹਨ। ਰੱਸਾਕਸ਼ੀ, ਨੇਜ਼ਾਬਾਜ਼ੀ, ਗੱਤਕਾ, ਮੁੰਗਲੀਆਂ ਫੇਰਨ ਅਤੇ ਪਹਿਲਵਾਨਾਂ ਦੇ ਘੋਲਾਂ ਦੇ ਅਖਾੜੇ ਦਰਸ਼ਕਾਂ ਦਾ ਮਨ ਮੋਹ ਲੈਂਦੇ ਹਨ। ਕਿਸੇ ਪਾਸੇ ਗੱਭਰੂ ਟੋਲੀਆਂ ਵਿੱਚ ਢੋਲ ਤੇ ਡੱਗੇ ਦੀ ਤਾਲ 'ਤੇ ਪੰਜਾਬ ਦਾ ਲੋਕ ਨਾਚ ਭੰਗੜਾ ਪਾਉਂਦੇ ਹਨ। ਇੰਝ ਖੁਸ਼ੀਆਂ ਮਨਾਉਂਦੇ ਹੋਏ ਕਿਸਾਨ ਭੰਗੜਾ ਪਾਉਂਦੇ ਆਪਣੇ ਪਿੰਡਾਂ ਅਤੇ ਘਰਾਂ ਨੂੰ ਪਰਤ ਆਉਂਦੇ ਹਨ। ਵਿਸਾਖੀ ਤੋਂ ਅਗਲੇ ਦਿਨ ਕਣਕ ਦੀ ਵਾਢੀ ਸ਼ੁਰੂ ਹੋ ਜਾਂਦੀ ਹੈ। ਢੋਲੀ, ਢੋਲ 'ਤੇ ਡੱਗਾ ਮਾਰਦਾ ਹੈ।

**ਜੱਟਾ ਆਈ ਵਿਸਾਖੀ, ਹਈ ਸ਼ਾ**
**ਮੁੱਕ ਗਈ ਕਣਕਾਂ ਦੀ ਰਾਖੀ, ਹਈ ਸ਼ਾ**
**ਜੱਟਾ ਆਈ ਵਿਸਾਖੀ।**

ਸਿੱਖ ਜਗਤ ਲਈ ਇਹ ਦਿਹਾੜਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਹ ਖ਼ਾਲਸੇ ਦਾ ਜਨਮ ਦਿਹਾੜਾ ਹੈ। ਇੱਕ ਵਿਸਾਖ ਸੰਮਤ 1756 ਭਾਵ 1699 ਈਸਵੀਂ ਦੀ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਕੇਸਗੜ੍ਹ 'ਚ ਜੁੜੇ ਦੀਵਾਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੀ ਤਲਵਾਰ ਲਹਿਰਾ ਕੇ ਸੰਗਤ ਵਿੱਚੋਂ ਸਿੱਖਾਂ ਦੇ ਸੀਸ ਦੀ ਮੰਗ ਕੀਤੀ, ਜਿਹੜੇ ਉਨ੍ਹਾਂ ਲਈ ਕੁਰਬਾਨੀ ਦੇ ਸਕਣ। ਸੰਗਤ ਵਿੱਚ ਸਹਿਮ ਛਾ ਗਿਆ। ਪੰਜ ਸਿੱਖ ਲਾਹੌਰ ਦਾ ਖੱਤਰੀ ਦਯਾ ਰਾਮ, ਹਸਤਨਾਪੁਰ ਦਾ ਜੱਟ ਧਰਮਦਾਸ, ਨੰਗਲ ਸ਼ਹੀਦਾਂ ਦਾ ਨਾਈ ਸਾਹਿਬ, ਸੰਗਤਪੁਰੇ ਦਾ ਹਿੰਮਤ ਝਿਊਰ ਅਤੇ ਦਵਾਰਕਾ ਦਾ ਛੀਂਬਾ ਮੁਹਕਮ ਚੰਦ ਨਿੱਤਰੇ। ਗੁਰੂ ਜੀ ਨੇ ਉਨ੍ਹਾਂ ਮਰਜੀਵੜਿਆਂ ਨੂੰ ਪੰਜ ਪਿਆਰੇ ਆਖਿਆ ਤੇ ਆਪਣੀ ਹਿੱਕ ਨਾਲ ਲਾ ਲਿਆ। ਪੰਜਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ ਗਿਆ ਤੇ ਉਨ੍ਹਾਂ ਦੇ ਨਾਂ ਕ੍ਰਮਵਾਰ ਭਾਈ ਦਿਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਮੋਹਕਮ ਸਿੰਘ ਰੱਖ ਦਿੱਤੇ। ਇਸ ਤੋਂ ਮਗਰੋਂ ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਹੱਥੋਂ ਆਪ ਅੰਮ੍ਰਿਤ ਛੱਕਿਆ ਤੇ ਇੰਜ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਨਿਤਾਣਿਆਂ ਨੂੰ ਆਤਮਿਕ ਬਲ ਬਖ਼ਸ਼ ਕੇ ਸਾਂਝੀਵਾਲਤਾ ਦੀ ਨੀਂਹ ਰੱਖੀ। ਪੰਜਾਬ ਦੇ ਪ੍ਰਮੁੱਖ ਗੁਰਦੁਆਰਿਆਂ ਵਿਸ਼ੇਸ਼ ਕਰਕੇ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਪੁਰਬ ਖ਼ਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਧਾਰਮਿਕ ਦੀਵਾਨਾਂ ਵਿੱਚ ਸ਼ਾਮਿਲ ਹੁੰਦੀਆਂ ਹਨ।

ਭਾਰਤ ਅਤੇ ਪੰਜਾਬ ਦੀ ਵਿਸਾਖੀ ਦਾ ਗੌਰਵ 1919 ਵਿੱਚ ਹੋਈ ਜਲ੍ਹਿਆਂ ਵਾਲੇ ਬਾਗ਼ ਦੀ ਖ਼ੂਨੀ ਘਟਨਾ ਨਾਲ ਹੋਰ ਵੀ ਵਧਿਆ ਜਦੋਂ ਦੇਸ਼ ਦੀ ਸੁਤੰਤਰਤਾ ਲਈ ਵਿਚਾਰਨ ਦੇ ਸਾਰਥਕ ਯਤਨ ਨੂੰ ਪਛਾੜਨ ਲਈ ਇਸ ਦਿਨ ਉੱਤੇ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਹਜ਼ਾਰਾਂ ਦੇਸ਼ ਭਗਤੀ ਦੇ ਜਜ਼ਬ ਨਾਲ ਭਰਪੂਰ ਯਾਤਰੂ ਅਤੇ ਸ਼ਹਿਰ ਦੇ ਚੇਤੰਨ ਲੋਕ ਜਲ੍ਹਿਆਂ ਵਾਲੇ ਬਾਗ਼ ਵਿੱਚ ਇਕ ਜਲਸੇ ਦੇ ਰੂਪ ਵਿੱਚ ਇਕਤਰ ਹੋਏ। ਇਨ੍ਹਾਂ ਦਾ ਦੋਸ਼ ਇਹ ਸੀ ਕਿ ਉਹ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਤੋਂ ਤੰਗ ਆ ਚੁੱਕੇ ਸਨ ਤੇ ਹੁਣ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਦਾ ਪ੍ਰਣ ਲੈ ਰਹੇਸ ਨ।ਪ ਂਜਾਬੀਆਂਨੂੰ ਬ ਲੀਦਾਨਦ ੇਣਦ ਾਿ ਵਰਸਾ,ਗ_ਰੂਆਂਦ ੀ ਕੁਰਬਾਨੀ, ਲੋਕ ਸੇਵਾ ਅਤੇ ਅਨਿਆਇ ਵਿਰੁੱਧ ਵੱਖ-ਵੱਖ ਸਮਿਆਂ ਉੱਤੇ ਦਿੱਤੀਆਂ ਸ਼ਹਾਦਤਾਂ ਦੀਆਂ ਘਟਨਾਵਾਂ ਅਤੇ ਸੰਤ ਸਿਪਾਹੀ ਤਿਆਰ ਕਰਨ ਦੇ ਅਮਲ ਨਾਲ ਮਿਲ ਚੁੱਕਾ ਸੀ। ਸਾਂਝੀਵਾਲਤਾ ਦੇ ਪਿਆਰੇ ਸਿੱਖਾਂ ਦੇ ਨਾਲ ਅਜ਼ਾਦੀ ਦੀ ਤਹਿਰੀਕ ਵਿੱਚ ਸ਼ਾਮਲ ਹਜ਼ਾਰਾਂ ਦੇਸ਼ ਭਗਤਾਂ ਦੀਆਂ ਟੋਲੀਆਂ ਅਤੇ ਉਨ੍ਹਾਂ ਦੇ ਪ੍ਰਤਿਨਿਧ ਮੁਸਲਮਾਨ, ਹਿੰਦੂ ਅਤੇ ਇਸਾਈ ਜਮਾਤ ਵਿਚੋਂ ਵੱਡੀ ਪੱਧਰ ਉੱਤੇ ਸ਼ਾਮਲ ਹੋ ਚੁੱਕੇ ਸਨ। ਉਸ ਦਿਨ ਦੇਸ਼ ਦੀ ਆਜ਼ਾਦੀ ਲਈ ਕਾਮਨਾ ਕਰਨ ਵਾਲੇ ਹਜ਼ਾਰਾਂ ਨਿਹੱਥੇ ਪੰਜਾਬੀਆਂ ਉੱਤੇ ਅੰਗਰੇਜ਼ ਸਾਮਰਾਜ ਨੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਾ ਕੇ ਸੈਂਕੜਿਆਂ ਨੂੰ ਸ਼ਹਾਦਤ ਦਾ ਜਾਮ ਪਿਲਾ ਦਿੱਤਾ ਤੇ ਹਜ਼ਾਰਾਂ ਮਰਜੀਵੜੇ ਜ਼ਖ਼ਮੀਂ ਹੋ ਗਏ। ਵਿਸਾਖੀ ਵਾਲੇ ਦਿਨ ਸਾਰਾ ਮੁਲਕ ਇਨ੍ਹਾਂ ਮਰਜੀਵੜਿਆਂ ਦੀ ਯਾਦ ਵਿੱਚ ਸਿਰ ਝੁਕਾਉਂਦਾ ਤੇ ਉਨ੍ਹਾਂ ਦੀ ਅਦੁੱਤੀ ਕੁਰਬਾਨੀ ਨੂੰ ਪ੍ਰਣਾਮ ਕਰਦਾ ਹੈ। ਭਾਰਤ ਦੇ ਹੋਰ ਸੂਬਿਆਂ ਵਿੱਚ ਵਸੇ ਲੋਕ ਵੀ ਵਿਸਾਖੀ ਦਾ ਤਿਉਹਾਰ ਰਵਾਇਤੀ ਰੂਪ ਵਿੱਚ ਮਨਾਉਂਦੇ ਹਨ। ਵਿਸਾਖੀ ਦਾ ਤਿਉਹਾਰ ਜਿੱਥੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਰੱਖਦਾ ਹੈ ਉੱਥੇ ਇਹ ਭਾਈਚਾਰਕ ਏਕਤਾ, ਧਰਮ ਨਿਰਪੱਖਤਾ ਤੇ ਸਾਂਝੀਵਾਲਤਾ ਦਾ ਵੀ ਪ੍ਰਤੀਕ ਹੈ। ਇਹ ਤਿਉਹਾਰ ਸਮੁੱਚੇ ਭਾਰਤ ਵਾਸੀਆਂ ਲਈ ਖੁਸ਼ੀਆਂ ਅਤੇ ਖੇੜੇ ਲਿਆਉਂਦਾ ਹੈ।



# ਖ਼ਾਲਸੇ ਦੀ ਸਾਜਨਾ - ਇਕ ਯੁੱਗ ਪਲਟਾਊ ਘਟਨਾ

**ਡਾ. ਹਰਚੰਦ ਸਿੰਘ ਸਰਹਿੰਦੀ**




ਗੁਰੂ ਗੋਬਿੰਦ ਸਿੰਘ ਜੀ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਮਹਾਨ ਅਤੇ ਆਕਰਸ਼ਕ ਵਿਅਕਤੀਆਂ ਵਿੱਚੋਂ ਪ੍ਰਮੁੱਖ ਮੰਨੇ ਜਾਂਦੇ ਹਨ। ਉਨ੍ਹਾਂ ਨੇ ਸਿਰਫ਼ 42 ਸਾਲਾਂ ਦੇ ਆਪਣੇ ਜੀਵਨ ਕਾਲ (1666-1708 ਈ.) ਦੌਰਾਨ ਉੱਤਰੀ ਭਾਰਤ ਦੀ, ਪੂਰੀ ਦੀ ਪੂਰੀ, ਤਵਾਰੀਖ਼ ਹੀ ਬਦਲ ਕੇ ਰੱਖ ਦਿੱਤੀ।

ਗੁਰੂ ਸਾਹਿਬ ਜੀਵਨ ਭਰ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨਾਲ ਜੂਝਦੇ ਰਹੇ। ਪਰ ਇਤਿਹਾਸ ਦੱਸਦਾ ਹੈ ਕਿ 1696 ਈ. ਤੋਂ 1699 ਈ. ਦੌਰਾਨ ਗੁਰੂ ਸਾਹਿਬ ਨੂੰ ਨਾ ਮੁਗ਼ਲਾਂ ਤੇ ਨਾ ਹੀ ਪਹਾੜੀ ਰਾਜਿਆਂ ਤੋਂ ਕੋਈ ਖ਼ਤਰਾ ਰਿਹਾ। ਸੋ, ਇਸ ਅਰਸੇ ਦੌਰਾਨ ਉਨ੍ਹਾਂ ਨੇ ਆਪਣੀ ਯੋਗਤਾ ਅਤੇ ਸ਼ਕਤੀ ਨੂੰ ਪੂਰਨ ਰੂਪ ਵਿਚ ਆਪਣੇ ਜੀਵਨ ਦੇ ਅਸਲੀ ਉਦੇਸ਼ ਦੀ ਪੂਰਤੀ ਵੱਲ ਮੋੜਿਆ।

ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਮਨੋਰਥ ਇਹ ਸੀ ਕਿ ਲੋਕਾਂ ਨੂੰ ਜ਼ੁਲਮ ਅਤੇ ਬਦੀ ਦੇ ਖਿਲਾਫ਼ ਮੁਕਾਬਲਾ ਕਰਨ ਦੇ ਸਮਰੱਥ ਬਣਾਇਆ ਜਾਵੇ ਅਤੇ ਸਮਾਂ ਆਉਣ 'ਤੇ ਇਨਕਲਾਬ ਦਾ ਝੰਡਾ ਬੁਲੰਦ ਕੀਤਾ ਜਾਵੇ। ਗੁਰੂ ਸਾਹਿਬ ਆਪਣੇਜ ਿਵਨਦ`ੇਓ_ਦੇਸ਼ਬ ਾਰੇਅ ਾਪਣੀਜ ਿਵਨ-ਕਥਾ- ' ਬਚਿਤ੍ਰ ਨਾਟਕ' ਵਿਚ ਲਿਖਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਅੱਤਿਆਚਾਰੀ ਲੋਕਾਂ ਦਾ ਨਾਸ਼ ਕਰਨਾ ਅਤੇ ਧਰਮ ਦਾ ਪ੍ਰਚਾਰ ਕਰਨਾ ਹੈ - "ਦੁਸਟ ਦੋਖੀਅਨਿ ਪਕਰਿ ਪਛਾਰੋ ॥ ਯਾਹੀ ਕਾਜ ਧਰਾ ਹਮ ਜਨਮੰ ॥" ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਲੋਕਾਂ ਦੀ ਸੋਚ ਵਿਚ ਇਨਕਲਾਬ ਲਿਆਂਦਾ। ਲੋਕਾਂ ਦਾ ਹੌਂਸਲਾ ਸੁਰਜੀਤ ਕਰਨ ਅਤੇ ਉਨ੍ਹਾਂ ਦੀ ਆਤਮਾ ਨੂੰ ਜਗਾਉਣ ਲਈ ਗੁਰੂ ਸਾਹਿਬ ਨੇ ਖ਼ੁਦ ਬਾਣੀ ਰਚੀ ਅਤੇ ਆਪਣੇ ਦਰਬਾਰੀ ਕਵੀਆਂ ਪਾਸੋਂ ਵੀ ਲੋੜੀਂਦੀ ਸਾਹਿਤ ਰਚਨਾ ਕਰਵਾਈ। ਦੂਜਾ, ਲਿਤਾੜੀ ਤੇ ਸਾਹ-ਸਤ ਗੁਆ ਚੁੱਕੀ ਭਾਰਤੀ ਜਨਤਾ ਨੂੰ ਉਨ੍ਹਾਂ ਨੇ ਚੜ੍ਹਦੀ ਕਲਾ ਦਾ ਨਾਅਰਾ ਦਿੱਤਾ ਅਤੇ "ਨਿਸਚੈ ਕਰ ਅਪਨੀ ਜੀਤ ਕਰੋ।" ਦਾ ਸਬਕ ਕੰਠ ਕਰਵਾਇਆ, ਕਿਉਂਕਿ ਢਹਿੰਦੀ ਕਲਾ ਵਿਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਕੀਤੀ ਜਾ ਸਕਦੀ। ਤੀਜਾ, ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਜਬਰ ਤੇ ਜ਼ੁਲਮ ਬਰਦਾਸ਼ਤ ਕਰਨ ਵਾਲੀਆਂ ਕੌਮਾਂ ਮਰ-ਮਿਟ ਜਾਂਦੀਆਂ ਹਨ। ਇਹ ਵੀ ਦ੍ਰਿੜ੍ਹ ਕਰਵਾਇਆ ਕਿ ਕੌਮਾਂ ਤਲਵਾਰ ਤੇ ਨੇਜ਼ੇ ਦੀ ਸ਼ਕਤੀ ਵਿੱਚੋਂ ਉਪਜਦੀਆਂ ਹਨ ਅਤੇ ਹਾਲਾਤ ਨਾਲ ਸਮਝੌਤਾ ਕਰਨ ਤੇ ਗੋਡੇ ਟੇਕਣ ਦੀ ਪ੍ਰਵਿਰਤੀ ਵਿਚ ਗ਼ਰਕ ਹੋ ਜਾਂਦੀਆਂ ਹਨ।

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਨੇ ਕਿਸੇ ਪੜਾਅ 'ਤੇ ਵੀ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ, ਕਿਉਂਕਿ ਉਹ ਖ਼ੂਬ ਸਮਝਦੇ ਸਨ ਕਿ "ਜਿਹੜੇ ਲੋਕ ਹਾਲਾਤ ਨਾਲ ਸਮਝੌਤਾ ਕਰਨ ਦੇ ਇੱਛੁਕ ਰਹਿੰਦੇ ਹਨ, ਉਹ ਕਦੀ ਇਨਕਲਾਬ ਨਹੀਂ ਲਿਆ ਸਕਦੇ।" - ਕਮਾਲ ਅਤਾਤੁਰਕ।

ਇਨਕਲਾਬ ਵੱਲ ਵਧਦੇ ਕਦਮ ਅਤੇ ਖ਼ਾਲਸੇ ਦੀ ਸਾਜਨਾ - ਲੋਕ ਰੋਹ ਦਾ ਤੇਜ਼ ਤੂਫ਼ਾਨ ਪੈਦਾ ਕਰਨ ਉਪਰੰਤ ਹੁਣ ਗੁਰੂ ਸਾਹਿਬ ਦਾ ਅਗਲਾ ਪੈਂਤੜਾ ਸੀ ਇਕ ਸਿਰਲੱਥ ਕੌਮ ਦਾ ਨਿਰਮਾਣ ਕਰਨਾ, ਜੋ ਮੁਗ਼ਲ ਹਕੂਮਤ ਨੂੰ ਸਾਹਮਣਿਓਂ ਲਲਕਾਰ ਸਕੇ। ਉਹ ਆਪਣੇ ਮਿੱਥੇ ਹੋਏ ਨਿਸ਼ਾਨੇ ਦਾ ਜ਼ਿਕਰ ਕਰਦਿਆਂ ਫ਼ਰਮਾਉਂਦੇ ਹਨ ਕਿ "ਚਿੜ੍ਹੀਓਂ ਸੇ ਮੈਂ ਬਾਜ ਤੁੜਾਊਂ ॥ ਤਬੀ ਗੋਬਿੰਦ ਸਿੰਘ ਨਾਮ ਕਹਾਊਂ ॥" ਪਰ ਇਕ ਸ਼ਕਤੀਸ਼ਾਲੀ ਹਕੂਮਤ ਵਿਰੁੱਧ ਇਕਨਲਾਬ ਦਾ ਝੰਡਾ ਬੁਲੰਦ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਸੋ, ਅਜਿਹੇ ਅਸੰਭਵ ਕਾਰਜ ਨੂੰ ਸੰਭਵ ਬਣਾਉਣ ਲਈ ਕਿਸੇ ਚਮਤਕਾਰੀ ਢੰਗ ਦੀ ਲੋੜ ਸੀ। ਇਨਕਲਾਬ ਲਿਆਉਣ ਵਾਲੇ ਮਹਾਨ ਪੁਰਖਾਂ ਦੇ ਫ਼ੈਸਲੇ ਵਿਚ ਆਮ ਸਹਿਮਤੀ ਨਹੀਂ, ਬਲਕਿ ਡੂੰਘੀ ਸੋਚ ਅਤੇ ਦੂਰ-ਅੰਦੇਸ਼ੀ ਹੁੰਦੀ ਹੈ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜਿੱਥੇ ਇਕ ਆਲ੍ਹਾ ਦਰਜੇ ਦੇ ਦੂਰ-ਅੰਦੇਸ਼ ਸਨ, ਉਥੇ ਇਕ ਮਹਾਨ ਚਿੰਤਕ ਤੇ ਮਨੋਵਿਗਿਆਨੀ ਵੀ ਸਨ।

ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਨੇ ਇਕ ਡੂੰਘੀ ਚੁੱਭੀ ਮਾਰੀ ਅਤੇ 'ਸਵਾ ਲੱਖ ਨਾਲ ਇਕ ਨੂੰ ਭੜਾਉਣ' ਦੇ ਸਮਰੱਥ ਬਣਾਉਣ ਵਾਲੀ ਚਮਤਕਾਰੀ ਵਿਧੀ ਢੂੰਡ ਲਿਆਂਦੀ। ਇਹ ਵਿਧੀ ਸੀ - 'ਖੰਡੇ ਦਾ ਪਾਹੁਲ', ਯਾਨੀ ਅੰਮ੍ਰਿਤ ਛਕਾਉਣ ਦਾ ਸਿਧਾਂਤ। ਇਸ ਸਿਧਾਂਤ ਨੂੰ ਧੁਰਾ ਮਿੱਥ ਕੇ ਗੁਰੂ ਸਾਹਿਬ ਨੇ ਖ਼ਾਲਸੇ ਦੀ ਸਾਜਨਾ ਕੀਤੀ। ਤੁਸੀਂ ਵੇਖੋਗੇ ਕਿ ਖ਼ਾਲਸੇ ਦੀ ਸਾਜਨਾ ਦੁਨੀਆਂ ਦਾ ਇਕ ਮਹਾਨ ਇਨਕਲਾਬ ਸੀ, ਜਿਸ ਨੇ ਜੰਗਾਲ ਲੱਗੀ ਭਾਰਤੀ ਕੌਮ ਨੂੰ ਫ਼ੌਲਾਦ ਵਿਚ ਬਦਲ ਕੇ ਬੇਹੱਦ ਸ਼ਕਤੀਸ਼ਾਲੀ ਬਣਾ ਦਿੱਤਾ। 317 ਵਰ੍ਹੇ ਪਹਿਲਾਂ ਆਨੰਦਪੁਰ ਸਾਹਿਬ ਦੀ ਸਰਜ਼ਮੀਨ 'ਤੇ ਵਾਪਰੇ ਇਸ ਰਹੱਸਮਈ ਕ੍ਰਿਸ਼ਮੇ ਦੀ ਇਕ ਝਲਕ ਪੇਸ਼ ਹੈ -

30 ਮਾਰਚ, 1699 ਨੂੰ ਆਨੰਦਪੁਰ ਸਾਹਿਬ ਵਿਖੇ ਵਿਸਾਖੀ ਵਾਲੇ



ਦਿਨ ਗੁਰੂ ਸਾਹਿਬ ਨੇ ਹੱਥ 'ਚ ਨੰਗੀ ਤਲਵਾਰ ਲੈ ਕੇ 80,000 ਦੇ ਵਿਸ਼ਾਲ ਇਕੱਠ ਨੂੰ ਮੁਖ਼ਾਤਿਬ ਹੁੰਦਿਆਂ, ਪੰਜ ਸਿਰਾਂ ਦੀ ਮੰਗ ਕੀਤੀ। ਜਿਨ੍ਹਾਂ ਪੰਜ ਸ਼ਰਧਾਲੂਆਂ ਨੇ ਆਪਣੇ ਸੀਸ ਭੇਂਟ ਕੀਤੇ, ਉਨ੍ਹਾਂ ਨੂੰ ਗੁਰੂ ਸਾਹਿਬ ਨੇ 'ਪੰਜ ਪਿਆਰੇ' ਦੀ ਸਮੂਹਿਕ ਉਪਾਧੀ ਦਿੱਤੀ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ 'ਖੰਡੇ ਦਾ ਪਾਹੁਲ', ਯਾਨੀ ਅੰਮ੍ਰਿਤ ਛਕਾਉਣ ਪਿੱਛੋਂ 'ਖ਼ਾਲਸੇ' ਦਾ ਨਾਂਅ ਦਿੱਤਾ ਅਤੇ ਹਰ ਇਕ ਨੂੰ ਆਪਣੇ ਨਾਂਅ ਦੇ ਨਾਲ 'ਸਿੰਘ' ਸ਼ਬਦ ਲਗਾਉਣ ਲਈ ਕਿਹਾ। ਫਿਰ ਗੁਰੂ ਸਾਹਿਬ ਨੇ ਖ਼ੁਦ 'ਪੰਜ ਪਿਆਰਿਆਂ' ਦੇ ਹੱਥੋਂ ਤਿਆਰ ਕੀਤੇ ਗਏ ਅੰਮ੍ਰਿਤ ਦਾ ਸੇਵਨ ਕੀਤਾ ਅਤੇ ਉਹ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।

ਸਵਾਲ ਉੱਠਦਾ ਹੈ ਕਿ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਜੋ 'ਖ਼ਾਲਸਾ' ਦਾ ਨਾਂਅ ਦਿੱਤਾ, ਉਸ ਦਾ ਕੀ ਭਾਵ ਹੈ? 'ਖ਼ਾਲਸਾ' ਦਾ ਮਤਲਬ ਹੈ, ਸ਼ੁੱਧ ਆਜ਼ਾਦ ਹਸਤੀ, ਜੋ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਤੇ ਸੱਭਿਆਚਾਰਕ ਪੱਖੋਂ ਕਿਸੇ ਦੀ ਗ਼ੁਲਾਮ ਨਹੀਂ ਹੈ। ਤੇ ਫਿਰ ਇਸ ਆਜ਼ਾਦ ਹਸਤੀ ਨੂੰ ਕਾਇਮ ਰੱਖਣ ਲਈ ਗੁਰੂ ਸਾਹਿਬ ਨੇ ਖ਼ਾਲਸੇ ਦੇ ਹੱਥ ਵਿਚ ਕਿਰਪਾਨ ਫੜਾਈ।

ਹਾਂ! ਜਦੋਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਛਕਿਆ ਤਾਂ ਉਸ ਸਮੇਂ ਗੁਰੂ-ਚੇਲਾ ਇਕ-ਮਿਕ ਹੋ ਗਏ, ਜਾਂ ਕਹਿ ਲਵੋ, ਖ਼ਾਲਸਾ ਹਰ ਪੱਖੋਂ ਗੁਰੂ ਹੀ ਬਣ ਗਿਆ। ਇਸ ਤੱਥ 'ਤੇ ਗੁਰੂ ਸਾਹਿਬ ਆਪਣੀ ਅਮਿੱਟ ਛਾਪ ਇਉਂ ਲਗਾਉਂਦੇ ਹਨ – "ਖ਼ਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ।" ਗੁਰੂ ਸਾਹਿਬ ਨੇ ਖ਼ਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿੱਖਾਂ ਦੇ ਸਾਰੇ ਫੈਸਲੇ ਕਰਨ ਦਾ ਅਧਿਕਾਰ ਦੇ ਦਿੱਤਾ। ਇਸ ਤਰ੍ਹਾਂ ਖ਼ਾਲਸੇ ਦੀ ਸਥਾਪਨਾ ਨਾਲ ਸਿੱਖ ਸਮਾਜ ਵਿਚ ਲੋਕਤੰਤਰੀ ਤੱਤਾਂ (DEMOCRATIC ELEMENTS) ਦਾ ਸੰਚਾਲਣ ਹੋਇਆ। ਖ਼ਾਲਸੇ ਦੀ ਸਥਾਪਨਾ ਦੇ ਫ਼ਲਸਰੂਪ ਸਿੱਖਾਂ ਵਿਚ ਨਵੀਂ ਭਾਵਨਾ ਤੇ ਸ਼ਕਤੀ ਦਾ ਸੰਚਾਰ ਹੋਇਆ। ਦੂਜਾ, ਖ਼ਾਲਸੇ ਦਾ ਰੂਪ ਧਾਰਨ ਕਰਨ ਉਪਰੰਤ, ਕਮਜ਼ੋਰ ਤੇ ਕਾਇਰ ਬਣ ਚੁੱਕੇ ਹਿੰਦੂਆਂ ਵਿਚ ਦਲੇਰੀ, ਬਹਾਦਰੀ ਅਤੇ ਆਤਮ-ਵਿਸ਼ਵਾਸ ਦੀਆਂ ਭਾਵਨਾਵਾਂ ਪੈਦਾ ਹੋ ਗਈਆਂ। ਇਵੇਂ ਹੀ, ਖ਼ਾਲਸੇ ਦੀ ਸਥਾਪਨਾ ਨਾਲ ਨੀਵੀਆਂ ਜਾਤੀਆਂ ਦੇ ਲੋਕਾਂ ਦਾ ਉਧਾਰ ਹੋਇਆ। ਇਨ੍ਹਾਂ ਲੋਕਾਂ ਵਿਚ ਅਸਾਧਾਰਨ ਜਾਗ੍ਰਿਤੀ ਅਤੇ ਜੋਸ਼ ਪੈਦਾ ਹੋ ਗਿਆ। ਉਹ ਬਹਾਦਰ ਯੋਧੇ ਅਤੇ ਸੱਚੇ ਦੇਸ਼ ਭਗਤ ਸਾਬਤ ਹੋਏ। ਉਨ੍ਹਾਂ ਨੇ ਮੁਗ਼ਲ ਹੁਕਮਰਾਨਾਂ ਨੂੰ ਵੰਗਾਰ ਕੇ ਮਾਰਿਆ ਅਤੇ ਖ਼ੁਦ ਹੁਕਮਰਾਨ ਬਣੇ। ਹੁਣ ਉੱਚੀਆਂ ਜਾਤੀਆਂ ਦੇ ਲੋਕ ਉਨ੍ਹਾਂ ਨੂੰ ਝੁਕ-ਝੁਕ ਕੇ ਸਲਾਮਾਂ ਕਰਨ ਲੱਗੇ। ਸੋ, "ਖ਼ਾਲਸੇ ਦੀ ਸਿਰਜਣਾ ਇਤਿਹਾਸ ਦਾ ਇਕ ਉੱਤਮ ਫ਼ਲਦਾਇਕ ਕਾਰਨਾਮਾ ਸੀ, ਜੋ ਲੋਕਾਂ ਦੇ ਮਨਾਂ ਵਿਚ ਕ੍ਰਾਂਤੀਕਾਰੀ ਪਰਿਵਰਤਨ ਲੈ ਆਇਆ।" – ਪ੍ਰੋ. ਹਰਬੰਸ ਸਿੰਘ।

ਖ਼ਾਲਸੇ ਦੇ ਜਨਮ ਤੋਂ ਬਾਅਦ ਸਿੱਖ ਧਰਮ ਨੇ ਇਕ ਤਿੱਖਾ ਮੋੜ ਕੱਟਿਆ ਅਤੇ ਭਾਰਤ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਘਟਨਾ ਨੇ ਸਿੱਖਾਂ ਵਿਚ ਸਵੈਮਾਨਤਾ, ਬੀਰ-ਰਸ, ਚੜ੍ਹਦੀ ਕਲਾ ਅਤੇ ਸੱਚ ਤੇ ਹੱਕ ਦਾ ਜਜ਼ਬਾ ਪੈਦਾ ਕੀਤਾ ਅਤੇ ਉਨ੍ਹਾਂ ਵਿਚ ਨਵੀਂ ਚੇਤਨਾ ਭਰ ਕੇ ਨਵ-ਜੀਵਨ ਬਖ਼ਸ਼ਿਆ, ਸਹੀ ਜੀਵਨ-ਜਾਚ ਦੱਸੀ ਅਤੇ ਅਣਖ ਨਾਲ ਜਿਊਣਾ ਤੇ ਮਰਨਾ ਸਿਖਾਇਆ। ਫਿਰ ਜਦੋਂ ਉਸ ਅਗੰਮੜੇ ਮਰਦ ਦਾ ਸਾਜਿਆ-ਨਿਵਾਜਿਆ ਖ਼ਾਲਸਾ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰਿਆ ਤਾਂ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਖ਼ਾਲਸੇ ਦੀ ਸਾਜਨਾ ਤੋਂ ਕੇਵਲ 11 ਸਾਲਾਂ ਬਾਅਦ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੂੰ ਮੈਦਾਨ-ਏ-ਜੰਗ ਵਿਚ ਮੌਤ ਦੇ ਘਾਟ ਉਤਾਰ ਕੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ। ਫਿਰ ਵੱਡੇ-ਵੱਡੇ ਸ਼ਹੀਦੀ ਸਾਕਿਆਂ ਤੇ ਘੱਲੂਘਾਰਿਆਂ ਵਿਚੋਂ ਗੁਜ਼ਰਦਿਆਂ, ਖ਼ਾਲਸੇ ਨੇ ਆਪਣੀ ਚੜ੍ਹਤ ਬਣਾਈ ਰੱਖੀ ਅਤੇ ਵੱਡੀਆਂ ਮੱਲਾਂ ਮਾਰੀਆਂ। ਫ਼ਲਸਰੂਪ, ਸਿੱਖ ਮਿਸਲਾਂ/ਰਿਆਸਤਾਂ ਹੋਂਦ ਵਿਚ ਆਈਆਂ। ਖ਼ਾਲਸਾ ਆਪਣੇ ਮਿੱਥੇ ਹੋਏ ਨਿਸ਼ਾਨੇ ਵੱਲ ਨਿਰੰਤਰ ਵਧਦਾ ਰਿਹਾ। ਦਿੱਲੀ ਨੂੰ ਕਈ ਵਾਰ ਫ਼ਤਹਿ ਕੀਤਾ। ਇਤਿਹਾਸ ਦੀਆਂ ਨਜ਼ਰਾਂ ਨੇ ਉਹ ਵਕਤ ਵੀ ਵੇਖਿਆ ਹੈ, ਜਦੋਂ ਖ਼ਾਲਸੇ ਨੇ 11 ਮਾਰਚ, 1783 ਈ. ਨੂੰ ਤਿੰਨ ਪ੍ਰਮੁੱਖ ਮਿਸਲਦਾਰਾਂ – ਸ. ਜੱਸਾ ਸਿੰਘ ਆਹਲੂਵਾਲੀਆ, ਸ. ਬਘੇਲ ਸਿੰਘ ਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਕਮਾਨ ਹੇਠ ਦਿੱਲੀ 'ਤੇ ਜਿੱਤ ਪ੍ਰਾਪਤ ਕਰਕੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਦਿੱਤਾ।

ਸੋ, ਤੁਸੀਂ ਵੇਖ ਹੀ ਲਿਆ ਹੈ ਕਿ "ਖ਼ਾਲਸੇ ਦੀ ਸਥਾਪਨਾ, ਦੇਸ਼ ਦੇ ਧਾਰਮਿਕ ਅਤੇ ਰਾਜਨੀਤਕ ਇਤਿਹਾਸ ਵਿਚ ਇਕ ਯੁੱਗ-ਪਲਟਾਊ ਘਟਨਾ ਸੀ।" – ਡਾ. ਹਰੀ ਰਾਮ ਗੁਪਤਾ। ਇਸ ਕਾਰਨਾਮੇ ਨਾਲ ਪੰਜਾਬ ਦੇ ਇਤਿਹਾਸ 'ਤੇ ਡੂੰਘੇ ਤੇ ਚਿਰਸਥਾਈ ਪ੍ਰਭਾਵ ਪਏ। ਜਿਨ੍ਹਾਂ ਬੰਦਿਆਂ ਨੇ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ, ਉਨ੍ਹਾਂ ਨੂੰ ਪਤਾ ਹੈ ਕਿ ਸਿੱਖ ਸਮਾਜ ਵਿਚ ਨਵੀਆਂ ਪ੍ਰਸਥਿਤੀਆਂ ਨਾਲ ਸੰਘਰਸ਼ ਕਰਨ ਲਈ ਪਹਿਲਾਂ ਤੋਂ ਹੀ ਸਮੇਂ-ਸਮੇਂ ਸਿਰ ਨਵੀਆਂ ਇਨਕਲਾਬੀ ਲਹਿਰਾਂ ਉੱਠਦੀਆਂ ਰਹੀਆਂ ਹਨ, ਪਰ ਇਨਕਲਾਬ ਦਾ ਜੋ ਤੂਫ਼ਾਨ ਖ਼ਾਲਸੇ ਦੀ ਸਾਜਨਾ ਤੋਂ ਬਾਅਦ ਝੁੱਲਿਆ, ਉਹ ਆਪਣੀ ਮਿਸਾਲ ਆਪ ਸੀ। ਇਸ ਤੇਜ਼ ਤੇ ਤਿੱਖੇ ਤੂਫ਼ਾਨ ਨੇ ਪੰਜਾਬ ਅੰਦਰ ਮੁਗ਼ਲ ਹਕੂਮਤ ਨੂੰ ਜੜ੍ਹੋਂ ਪੁੱਟ ਸੁੱਟਿਆ ਅਤੇ ਖ਼ਾਲਸੇ ਦੀ ਸਿਰਜਣਾ ਤੋਂ ਪੂਰੀ ਇਕ ਸਦੀ ਬਾਅਦ, 1799 ਈ. ਵਿਚ ਸਿੱਖ ਪੰਜਾਬ ਦੇ ਮਾਲਕ ਬਣ ਬੈਠੇ, ਕੈਥਲ-ਕਰਨਾਲ ਤੋਂ ਲੈ ਕੇ ਦੱਰਾ ਖ਼ੈਬਰ ਤੱਕ।

**ਮਕਾਨ ਨੰ. 2858, ਵਾਰਡ ਨੰ. 9,**

**ਸਰਹਿੰਦ (ਪੰਜਾਬ)-140406**

**ਫ਼ੋਨ - 92178-45812**

# ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ

ਡਾ. ਜਸਪਾਲ ਸਿੰਘ

**“ਭਾਰਤੀ ਸਮਾਜ ਦੀ ਬਦਕਿਸਮਤੀ ਇਹ ਸੀ ਕਿ ਉਹ ਸਦੀਆਂ ਤੋਂ .ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਉਸ ਨੂੰ ਇਹ .ਗੁਲਾਮੀ ਓਪਰੀ ਨਹੀਂ ਸੀ ਜਾਪਦੀ। ਸ਼ਾਇਦ ਇਸ ਲਈ ਕਿ ਸਰੀਰ ਦੇ ਮੋਹ ਤੇ ਪਦਾਰਥਕ ਸੁਖਾਂ ਦੀ ਤ੍ਰਿਸ਼ਨਾ ਕਾਰਨ ਉਸ ਦੀ ਆਤਮਾ ਮਰ ਚੁੱਕੀ ਸੀ। ਅਸਲ ਵਿਚ ਸਰੀਰ ਦੇ ਮੋਹ ਕਾਰਨ ਮਨੁੱਖ .ਗੁਲਾਮੀ ਸਹਿੰਦਾ ਹੈ, ਮਜ਼ਲੂਮ ਬਣ ਕੇ ਤਰਸਯੋਗ ਹਾਲਤ ਵਿਚ ਜਿਊਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ। ਧਰਮ, ਭਾਸ਼ਾ ਤੇ ਸਭਿਆਚਾਰ ਦੀ ਬਲੀ ਦੇ ਕੇ ਆਪਣੇ ਸਰੀਰ ਦੇ ਸੁੱਖ ਦੇ ਸਾਧਨ ਜੁਟਾਉਂਦਾ ਹੈ। ਪਹਿਲੀ ਵਾਰ ਇਹੋ ਜਿਹੇ .ਗੁਲਾਮ ਸਮਾਜ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਹਲੂਣਿਆ ਸੀ ਤੇ ‘ਸਿਰੁ ਧਰਿ ਤਲੀ ਗਲੀ ਮੇਰੀ ਆਉ’ ਦਾ ਸੱਦਾ ਦਿੱਤਾ ਸੀ।”**



੧੬੯੯ ਈ: ਦੀ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਇਕ ਅਜਿਹੀ ਘਟਨਾ ਵਾਪਰੀ, ਜਿਸ ਨੇ ਸਦੀਆਂ ਤੋਂ ਵਹਿਣ ਵਿਚ ਵਹਿ ਰਹੇ ਭਾਰਤੀ ਇਤਿਹਾਸ ਦਾ ਰੁਖ ਮੋੜ ਦਿੱਤਾ। ਇਤਿਹਾਸ ਦੇ ਪੰਨਿਆਂ ਵਿਚ ਇਸ ਦਿਨ ਤੋਂ ਪਹਿਲਾਂ ਅਤੇ ਬਾਅਦ ਦੇ ਭਾਰਤ ਵਿਚ ਜ਼ਮੀਨ-ਅਸਮਾਨ ਦਾ ਅੰਤਰ ਸਪਸ਼ਟ ਨਜ਼ਰ ਆਉਂਦਾ ਹੈ। ਘਟਨਾਕ੍ਰਮ ਦੀ ਤਫਸੀਲ ਦੁਹਰਾਉਣ ਦੀ ਲੋੜ ਨਹੀਂ। ਸਾਰਾ ਵਿਸ਼ਵ ਜਾਣਦਾ ਹੈ ਇਸ ਇਤਿਹਾਸਿਕ ਵੈਸਾਖੀ ਵਾਲੇ ਦਿਨ ਹਜ਼ਾਰਾਂ ਸੰਗਤਾਂ ਦੇ ਇਕੱਠ ਸਾਹਮਣੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਦੇ ਚਿਹਰੇ ’ਤੇ ਅਦੁੱਤੀ ਜਲਾਲ ਸੀ ਅਤੇ ਹੱਥ ਵਿਚ ਨੰਗੀ ਤੇਗ। ਆਪਣੇ ਮਨ-ਮੰਦਰ ਵਿਚ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਪਾਸੋਂ ਇਕ ਸਿਰ ਦੀ ਮੰਗ ਕੀਤੀ। ਸਾਰਾ ਇਕੱਠ ਇਸ ਵਚਿੱਤਰ ਮੰਗ ਨੂੰ ਸੁਣ ਕੇ ਇਕ ਵਾਰ ਤ੍ਰਭਕ ਗਿਆ, ਸਨਸਨੀ ਛਾ ਗਈ ਪਰ ਇਕ ਸਿੱਖ ਉੱਠਿਆ ਤੇ ਉਸ ਨੇ ਆਪਣਾ-ਆਪ ਗੁਰੂ ਜੀ ਦੀ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਨੂੰ ਨਾਲ ਲੱਗੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਨੰਗੀ ਕ੍ਰਿਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਫਿਰ ਸੰਗਤ ਵਿਚ ਸਨਸਨੀ ਛਾ ਗਈ ਪਰ ਇਸ ਵਾਰ ਵੀ ਇਕ ਗੁਰੂ ਦਾ ਸਿੱਖ ਤੁਰ ਪਿਆ ਆਪਣਾ ਸੀਸ ਭੇਟ ਕਰਨ ਲਈ। ਇਸ ਤਰ੍ਹਾਂ ਪੰਜ ਵਾਰ ਗੁਰੂ ਸਾਹਿਬ ਨੇ ਸੰਗਤਾਂ ਦੇ ਇਕੱਠ ਵਿਚ ਕੁਰਬਾਨੀ ਦੀ ਮੰਗ ਕੀਤੀ ਅਤੇ ਪੰਜੇ ਵਾਰ ਗੁਰੂ ਦੀ ਸੰਗਤ ਪ੍ਰੀਖਿਆ ’ਚੋਂ ਪਾਸ ਹੋਈ। ਆਖਰ ਗੁਰੂ ਜੀ ਆਪਣੇ ਪੰਜਾਂ ਸਿੱਖਾਂ—ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨਾਲ ਤੰਬੂ ਵਿੱਚੋਂ ਬਾਹਰ ਨਿਕਲੇ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜ ਮਰਜੀਵੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ ‘ਪੰਜਾਂ ਪਿਆਰਿਆਂ’ ਦਾ ਖ਼ਿਤਾਬ ਦਿੱਤਾ।

ਜਦੋਂ ਪੰਜਾਂ ਪਿਆਰਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਕ ਹੋਰ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਕਿਹਾ। ਅੰਮ੍ਰਿਤ ਤਿਆਰ ਹੋ ਜਾਣ ‘ਤੇ ਗੁਰੂ ਸਾਹਿਬ ਆਪਣੇ ਹੀ ਸਿੱਖਾਂ ਅੱਗੇ ਹੱਥ ਬੰਨ੍ਹ ਕੇ ਖੜ੍ਹੇ ਹੋ ਗਏ ਅਤੇ ਬੇਨਤੀ ਕੀਤੀ ਕਿ ਅੰਮ੍ਰਿਤ ਦੀ ਦਾਤ ਮੈਨੂੰ ਵੀ ਬਖ਼ਸ਼ੋ। ਬੜੀ ਹੈਰਾਨੀ ਨਾਲ ਪੰਜਾਂ ਪਿਆਰਿਆਂ ਨੇ ਅੰਮ੍ਰਿਤ-ਦਾਤੇ ਗੁਰੂ ਵੱਲ ਸੁਆਲੀਆ ਨਿਗਾਹਾਂ ਨਾਲ ਤੱਕਿਆ। ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਸ਼ੰਕਾਵਾਂ ਦੀ ਨਿਵਿਰਤੀ ਕਰਦਿਆਂ ਫੁਰਮਾਇਆ ਕਿ ਖਾਲਸਾ ਅਕਾਲ ਪੁਰਖ ਦੇ ਹੁਕਮ ਅਨੁਸਾਰ ਪ੍ਰਗਟ ਹੋਇਆ ਹੈ ਅਤੇ ਉਨ੍ਹਾਂ ਦਾ ਵੀ ਇਸ ਵਿਚ ਸ਼ਾਮਲ ਹੋਣਾ ਲਾਜ਼ਮੀ ਹੈ। ਖਾਲਸਾ ਉਨ੍ਹਾਂ ਦੀ ਜ਼ਾਤੀ ਜਮਾਤ ਨਹੀਂ, ਸਗੋਂ ਅਕਾਲ ਪੁਰਖ ਦੀ ਫੌਜ ਹੈ ਅਤੇ ਉਹ ਆਪ ਇਸ ਫੌਜ ਦਾ ਹਿੱਸਾ ਬਣਨਾ ਚਾਹੁੰਦੇ ਹਨ। ਇਸ ਤਰ੍ਹਾਂ ‘ਆਪੇ ਗੁਰ ਚੇਲਾ’ ਕਹਾਉਣ ਵਾਲੇ ਗੁਰੂ ਨੇ ‘ਪੰਜਾਂ ਪਿਆਰਿਆਂ’ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ-ਆਪ ਨੂੰ ਖਾਲਸੇ ਵਿਚ ਅਭੇਦ ਕਰ ਲਿਆ।

ਇਸ ਤੋਂ ਬਾਅਦ ਪੰਜ ਹੋਰ ਮਰਜੀਵੜਿਆਂ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੋ ਕੇ ਅੰਮ੍ਰਿਤ ਹਾਸਲ ਕਰਨ ਲਈ ਆਪਣੇ-ਆਪ ਨੂੰ ਪੇਸ਼ ਕੀਤਾ। ਇਨ੍ਹਾਂ ਪੰਜਾਂ ਸਿੱਖਾਂ ਦੇ ਨਾਂ ਕੁਝ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਦਰਜ ਕੀਤੇ ਹਨ—ਭਾਈ ਰਾਮ ਸਿੰਘ, ਭਾਈ ਦੇਸਾ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਫਤਹਿ ਸਿੰਘ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ 'ਪੰਜ ਮੁਕਤੇ' ਦਾ ਖ਼ਿਤਾਬ ਦਿੱਤਾ ਸੀ। ਇਤਿਹਾਸ ਸਾਖੀ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਗਏ। ਸਰ ਮੁਹੰਮਦ ਲਤੀਫ ਦੀ 'ਹਿਸਟਰੀ ਆਫ਼ ਪੰਜਾਬ' ਅਨੁਸਾਰ ਪਹਿਲੇ ਪੰਦਰਾਂ ਦਿਨਾਂ ਵਿਚ ਹੀ ੮੦ ਹਜ਼ਾਰ ਤੋਂ ਵੱਧ ਲੋਕੀਂ ਸ੍ਰੀ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ ਅਤੇ ਗੁਰੂ ਸਾਹਿਬ ਦਾ ਮਾਰਗ ਅਪਨਾਉਣ ਲਈ ਤਤਪਰਤਾ ਨਾਲ ਆਪਣਾ-ਆਪ ਪੇਸ਼ ਕਰ ਰਹੇ ਸਨ।

ਇਤਿਹਾਸ ਦੀ ਜੇ ਬਰੀਕੀ ਨਾਲ ਘੋਖ ਕਰੀਏ ਤਾਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ 'ਪੰਜਾਂ ਪਿਆਰਿਆਂ' ਦਾ ਸੰਕਲਪ ਸਿੱਖ ਪਰੰਪਰਾ ਦਾ ਇਕ ਅਦੁੱਤੀ ਕਿਸਮ ਦਾ ਸੰਕਲਪ ਹੈ ਅਤੇ ਕੋਈ ਅਤਿਕਥਨੀ ਨਹੀਂ ਕਿ ਇਹੋ ਜਿਹੇ ਇਨਕਲਾਬੀ ਸੰਕਲਪ ਦੀ ਹੋਰ ਮਿਸਾਲ ਸਾਨੂੰ ਦੁਨੀਆਂ ਦੇ ਇਤਿਹਾਸ 'ਚੋਂ ਨਹੀਂ ਮਿਲਦੀ। ਕੁਝ ਐਸੇ ਸਿਧਾਂਤਕ ਨੁਕਤੇ ਹਨ, ਜਿਨ੍ਹਾਂ ਦਾ ਤਫਸੀਲ ਨਾਲ ਮੈਂ ਇੱਥੇ ਜ਼ਿਕਰ ਕਰ ਰਿਹਾ ਹਾਂ।

ਇਸ ਮਹਾਨ ਕ੍ਰਿਸ਼ਮੇ ਬਾਰੇ ਜਿਹੜੀ ਸਭ ਤੋਂ ਪਹਿਲੀ ਗੱਲ ਮੇਰੇ ਜ਼ਿਹਨ ਵਿਚ ਆਉਂਦੀ ਹੈ, ਉਹ ਇਹ ਹੈ ਕਿ ਜੋ ਇਤਿਹਾਸਿਕ ਚਮਤਕਾਰ ੧੬੯੯ ਈ: ਦੀ ਵੈਸਾਖੀ ਨੂੰ ਵਾਪਰਿਆ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ ਪਰੰਪਰਾ ਖੜ੍ਹੀ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਨਿਰੰਤਰਤਾ ਨਾਲ ਖਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚੱਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ। ਅਮਲੀ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ। ਦੋ ਗਵਾਹੀਆਂ ਕਾਫੀ ਹਨ ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ। ਪਹਿਲੀ ਗੱਲ ਕਿ ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਚੱਲ ਕੇ ਤਕਰੀਬਨ ੮੦ ਹਜ਼ਾਰ ਦੀ ਗਿਣਤੀ ਵਿਚ ਲੋਕਾਂ ਦਾ ਇਸ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਾ ਇਸ ਗੱਲ ਦਾ ਸਪਸ਼ਟ ਪ੍ਰਮਾਣ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ, ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਨਿਰੰਤਰ ਦੋ ਸਦੀਆਂ ਦੇ ਪ੍ਰਚਾਰ ਨਾਲ ਫੈਲੀ ਸੀ। ਫਿਰ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ ਵਿੱਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਾ ਸੀ। ਸਪਸ਼ਟ ਹੈ ਕਿ ਜੋ ਕੁਝ ਵਚਿੱਤਰ ਵਿਹਾਰਕ ਰੂਪ ਵਿਚ ੧੬੯੯ ਈ: ਦੀ ਵੈਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ, ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ। ਮੇਰੀ ਤਾਂ ਮਾਨਤਾ ਹੈ ਕਿ ਜਿਹੜੀ ਪੰਜਾਂ ਪਿਆਰਿਆਂ ਦੀ ਸੰਸਥਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਦੁੱਤੀ ਵਿਧੀ ਰਾਹੀਂ ਲੋਕਾਂ ਦੇ ਸਨਮੁਖ ਪ੍ਰਗਟ ਕੀਤਾ ਸੀ, ਦਾ ਵਿਚਾਰਧਾਰਕ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬੰਨ੍ਹਿਆ ਗਿਆ ਸੀ।

ਦੂਜੀ ਗੱਲ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਉਸ ਵਿਚਾਰਧਾਰਾ ਅਤੇ ਦ੍ਰਿੜ੍ਹ ਇਰਾਦੇ ਦੇ ਪ੍ਰਤੀਬੱਧਤਾ ਦੀ ਕਰ ਰਿਹਾ ਹਾਂ, ਜਿਹੜੀ ਪੰਜ ਪਿਆਰਿਆਂ ਦੀ ਸਿਰਜਣਾ ਪਿੱਛੇ ਕਾਰਜਸ਼ੀਲ ਸੀ। ਇਤਿਹਾਸਿਕ ਪ੍ਰਵਾਹ ਸਾਨੂੰ ਦੱਸਦਾ ਹੈ ਕਿ ਇਸ ਵਿਚਾਰਧਾਰਾ ਦਾ ਕੇਂਦਰੀ ਧੁਰਾ ਸੀ—ਸਦੀਆਂ ਤੋਂ ਸ਼ੋਸ਼ਣ ਤੇ ਵਿਤਕਰਿਆਂ ਦੀ ਸ਼ਿਕਾਰ ਆਮ ਜਨਤਾ, ਜਿਸ ਨੂੰ ਭਾਰਤੀ ਸਮਾਜੀ ਵਿਵਸਥਾ ਨੇ ਪੈਰਾਂ ਥੱਲੇ ਰੋਂਦਿਆ ਸੀ, ਨੂੰ ਸੱਤਾ ਦੇ ਸਿੰਘਾਸਨ 'ਤੇ ਪਹੁੰਚਾਉਣਾ। ਉਨ੍ਹਾਂ ਦੀ ਪਾਤਸ਼ਾਹੀ ਸਥਾਪਤੀ ਕਰਨੀ, ਜਿਨ੍ਹਾਂ ਨੇ ਰਾਜਨੀਤਿਕ ਸੱਤਾ ਵਿਚ ਭਾਗੀਦਾਰੀ ਦਾ ਸੁਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁਖ ਵੀ ਨਹੀਂ ਸੀ ਭੋਗਿਆ। ਤਿਰਸਕਾਰ ਤੇ ਬੇਪਤੀ ਜਿਨ੍ਹਾਂ ਦੇ ਜੀਵਨ ਦੀ ਜ਼ਰੂਰੀ ਸ਼ਰਤ ਬਣ ਚੁੱਕੀ ਸੀ। ਆਪਣੇ ਨਾਲ ਹੋ ਰਹੇ ਅਨਿਆਂ ਨੂੰ ਜਿਨ੍ਹਾਂ ਅਪਣੀ ਕਿਸਮਤ ਤੇ ਰੱਬੀ ਇੱਛਾ ਮੰਨ ਲਿਆ ਸੀ।

ਭਾਈ ਕੁਇਰ ਸਿੰਘ ਦੇ ਗੁਰ ਬਿਲਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਦ੍ਰਿੜ੍ਹ ਇਰਾਦੇ ਦਾ ਜ਼ਿਕਰ ਮਿਲਦਾ ਹੈ। ਜੇ ਬਾਜ ਚਿੜੀ ਨੂੰ ਮਾਰੇ ਤਾਂ ਇਹ ਕੋਈ ਪ੍ਰਭੁਤਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ:

**ਮੈ ਅਸਿਪਾਨਿਜ ਤਬ ਲਖੌ ਕਰੌ ਐਸ ਯੋ ਕਾਮ।**
**ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋਂ ਸਿੰਘ ਸਾਮ॥**
**ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ।**
**ਤਾਤੇ ਕਾਲ ਕੀਓ ਇਹੈ ਬਾਜ ਹਨੈ ਚਿੜੀਆਹ॥੩੯॥**

ਪਰ ਭਾਰਤੀ ਸਮਾਜ ਦੀ ਬਦਕਿਸਮਤੀ ਇਹ ਸੀ ਕਿ ਉਹ ਸਦੀਆਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਉਸ ਨੂੰ ਇਹ ਗ਼ੁਲਾਮੀ ਓਪਰੀ ਨਹੀਂ ਸੀ ਜਾਪਦੀ। ਸ਼ਾਇਦ ਇਸ ਲਈ ਕਿ ਸਰੀਰ ਦੇ ਮੋਹ ਤੇ ਪਦਾਰਥਕ ਸੁਖਾਂ ਦੀ ਤ੍ਰਿਸ਼ਨਾ ਕਾਰਨ ਉਸ ਦੀ ਆਤਮਾ ਮਰ ਚੁੱਕੀ ਸੀ। ਅਸਲ ਵਿਚ ਸਰੀਰ ਦੇ ਮੋਹ ਕਾਰਨ ਮਨੁੱਖ ਗ਼ੁਲਾਮੀ ਸਹਿੰਦਾ ਹੈ, ਮਜ਼ਲੂਮ ਬਣ ਕੇ ਤਰਸਯੋਗ ਹਾਲਤ ਵਿਚ ਜਿਊਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ। ਧਰਮ, ਭਾਸ਼ਾ ਤੇ ਸਭਿਆਚਾਰ ਦੀ ਬਲੀ ਦੇ ਕੇ ਆਪਣੇ ਸਰੀਰ ਦੇ ਸੁੱਖ ਦੇ ਸਾਧਨ ਜੁਟਾਉਂਦਾ ਹੈ। ਪਹਿਲੀ ਵਾਰ ਇਹੋ ਜਿਹੇ ਗ਼ੁਲਾਮ ਸਮਾਜ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਹਲੂਣਿਆ ਸੀ ਤੇ **'ਸਿਰੁ ਧਰਿ ਤਲੀ ਗਲੀ ਮੇਰੀ ਆਉ'** ਦਾ ਸੱਦਾ ਦਿੱਤਾ ਸੀ।

ਗੁਰੂ ਪਰੰਪਰਾ ਨੇ ਸੇਧ ਦਿੱਤੀ ਕਿ ਜੇ ਆਪਾ ਵਾਰਨ ਦੀ ਜਾਚ ਤੇ ਸਮਰੱਥਾ ਆ ਜਾਵੇ ਤਾਂ ਅਣਖ ਨਾਲ ਜਿਊਂਣਾ ਵੀ ਆ ਜਾਂਦਾ ਹੈ। ਰੋਜ਼ ਮਰਨ ਨਾਲੋਂ ਇਕ ਵਾਰ ਮਰਨਾ ਕਿਤੇ ਚੰਗਾ ਹੈ। ਇਸ ਤਰ੍ਹਾਂ ਦਾ ਇਕ ਵਾਰ ਮਰਨਾ ਸਦੀਵੀ ਜੀਵਨ ਬਣ ਜਾਂਦਾ ਹੈ ਅਤੇ ਹਜ਼ਾਰਾਂ-ਲੱਖਾਂ ਹੋਰਨਾਂ ਨੂੰ ਸੁਤੰਤਰ ਜ਼ਿੰਦਗੀ ਦੇ ਜਾਂਦਾ ਹੈ।

ਇਹੋ ਸਾਰ-ਤੱਤ ਸੀ ਵੈਸਾਖੀ ਵਾਲੇ ਦਿਨ ਪੰਜ ਸਿਰਾਂ ਦੀ ਮੰਗ ਕਰ ਕੇ 'ਪੰਜ ਪਿਆਰੇ' ਸਿਰਜਣ ਦੀ ਘਟਨਾ ਦਾ। ਇਸ ਕ੍ਰਿਸ਼ਮਈ ਘਟਨਾ ਰਾਹੀਂ **'ਸਿਰੁ ਧਰਿ ਤਲੀ ਗਲੀ ਮੇਰੀ ਆਉ'** ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ, ਵਿਹਾਰਕ ਰੂਪ ਵਿਚ ਖਾਲਸਾ ਪੰਥ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਸੀ। ਫਿਰ ਕੀ ਸੀ **'ਮਰਣੁ ਕਬੂਲਿ'** ਕਰਕੇ ਪ੍ਰਾਪਤ ਹੋਈ ਜ਼ਿੰਦਗੀ ਹੀ ਖਾਲਸਾ ਪੰਥ ਦੀ ਜੀਵਨ-ਜਾਚ ਬਣ ਗਈ ਅਤੇ ਇਹੋ ਖਾਲਸਾਈ ਜੀਵਨ-ਜਾਚ ਇਕ ਵੱਡੇ ਇਨਕਲਾਬ ਦਾ ਸਬੱਬ ਹੋ ਨਿਬੜੀ।

# ਦੇਸ਼ ਦੀ ਨਵਉਸਾਰੀ ਲਈ ਚਿੰਤਤ ਸਨ ਡਾ. ਅੰਬੇਡਕਰ

ਐਸ.ਐਲ. ਵਿਰਦੀ (ਐਡਵੋਕੇਟ)

**“ ਸਿੱਖਿਆ ਨੂੰ ਸਮਾਜ ਸੁਧਾਰ ਦਾ ਤੰਤਰ ਬਣਨਾ ਚਾਹੀਦਾ ਹੈ ਪਰ ਸਿੱਖਿਆ ਦਾ ਨਿੱਜੀਕਰਨ ਕਰਕੇ ਇਸ ਨੂੰ ਮੁਨਾਫ਼ਾ ਮੁਖੀ ਬਣਾਇਆ ਜਾ ਰਿਹਾ ਹੈ। ਸਿੱਖਿਆ ਹਰ ਇਕ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਇਸ ਦੀ ਪੂਰਤੀ ਲਈ ਉਨ੍ਹਾਂ ਸਿੱਖਿਆ ਦੇ ਅਧਿਕਾਰ ਨੂੰ ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ ’ਚ ਰੱਖਣ ਅਤੇ 14 ਸਾਲ ਤੱਕ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਦੇਣ ’ਤੇ ਜ਼ੋਰ ਦਿੱਤਾ ਕਿਉਂਕਿ ਉਚ ਸਿੱਖਿਆ ਹੀ ਸੱਭਿਅਕ ਹੋਣ ਦਾ ਇਕ ਮਾਤਰ ਸਾਰ ਹੈ। ਉਚ ਸਿੱਖਿਆ ਸਮਾਜਿਕ ਸਮੱਸਿਆਵਾਂ ਨੂੰ ਦੂਰ ਕਰਨ ਦਾ ਸਭ ਤੋਂ ਕਾਰਗਰ ਸਾਧਨ ਹੈ। ਡਾਕਟਰ ਅੰਬੇਡਕਰ ਚਾਹੁੰਦੇ ਸਨ ਕਿ ਖੇਤੀ ਪ੍ਰਧਾਨ ਭਾਰਤ ਵਿਚ ਸਭ ਸਨਅਤਾਂ ਦਾ ਅਧਾਰ ਖੇਤੀ ਬਣੇ ਕਿਉਂਕਿ ਸਨਅਤੀਕਰਨ ਤੋਂ ਬਿਨ੍ਹਾਂ ਦੇਸ਼ ਦੀ ਅਰਥਵਿਵਸਥਾ ਨਹੀਂ ਸੁਧਰ ਸਕਦੀ। ਇਸ ਲਈ ਦੇਸ਼ ਵਿਚ ਸਨਅਤੀ ਵਾਤਾਵਰਣ ਪੈਦਾ ਕਰਨ ਲਈ ਵਿੱਦਿਆ ਸਨਅਤ ਮੁਖੀ ਦਿੱਤੀ ਜਾਵੇ। ਇਸ ਪ੍ਰਕਾਰ ਨਾ ਸਿਰਫ਼ ਉਤਪਾਦਨ ਹੀ ਵਧੇਗਾ ਬਲਕਿ ਕੁਆਲਿਟੀ ’ਚ ਵੀ ਵਾਧਾ ਹੋਵੇਗਾ। ”**



ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਇਸ ਸਾਹਮਣੇ ਭੁੱਖਮਰੀ, ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਜਾਤ-ਪਾਤ, ਫਿਰਕਾਪ੍ਰਸਤੀ, ਕਸ਼ਮੀਰ, ਅਬਾਦੀ, ਕੁਦਰਤੀ ਆਫਤਾਂ, ਮਹਾਂਮਾਰੀ ਹੜ੍ਹ, ਕਾਲ ਆਦਿ ਸਮੱਸਿਆਵਾਂ ਸਨ। ਡਾਕਟਰ ਬੀ.ਆਰ. ਅੰਬੇਡਕਰ ਉਪਰੋਕਤ ਸਮੱਸਿਆਵਾਂ ਤੋਂ ਭਲੀ ਭਾਂਤੀ ਪ੍ਰਭਾਵਤ ਸਨ ਜਿਸ ਕਰਕੇ ਉਹ ਦੇਸ਼ ਦੇ ਭਵਿੱਖ ਲਈ ਚਿੰਤਤ ਸਨ। ਉਹ ਦੇਸ਼ ਵਾਸੀਆਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ। ਉਹ ਦੇਸ਼ ਦਾ ਨਵ ਨਿਰਮਾਣ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ‘ਮੈਂ ਦੇਸ਼ ਨੂੰ ਮੁੜ ਸੋਨੇ ਦੀ ਚਿੜੀ ਬਣਾ ਸਕਦਾ ਹਾਂ। ਦੇਸ਼ ਵਿਚ ਕਿਸੇ ਵੀ ਗੱਲ ਦੀ ਘਾਟ ਨਹੀਂ ਹੈ। ਦੇਸ਼ ਵਿਚ ਕੁਦਰਤੀ ਸਾਧਨ ਇੰਨੇ ਜ਼ਿਆਦਾ ਹਨ ਕਿ ਉਨ੍ਹਾਂ ਦੀ ਠੀਕ ਵਰਤੋਂ ਕਰਕੇ ਹਰ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਵਿਚ ਸਮੱਸਿਆਵਾਂ ਦਾ ਸਹੀ ਹੱਲ ਸਨਅਤੀਕਰਨ ਹੈ। ਇਸ ਵਾਸਤੇ ਬਿਜਲੀ ਦੀ ਲੋੜ ਹੈ। ਬਿਜਲੀ ਵਾਸਤੇ ਵੱਧ ਤੋਂ ਵੱਧ ਡੈਮ ਉਸਾਰੇ ਜਾਣ।

ਇਸ ਨਾਲ ਜਿਥੇ ਬਿਜਲੀ ਨਾਲ ਕਾਰਖਾਨੇ ਚੱਲਣਗੇ, ਉਥੇ ਬੇਰੁਜ਼ਗਾਰਾਂ ਨੂੰ ਕੰਮ ਮਿਲੇਗਾ, ਉਤਪਾਦਨ ਵਧੇਗਾ, ਹੜ੍ਹ ਰੁਕਣਗੇ, ਜਾਨ-ਮਾਲ ਦੀ ਤਬਾਹੀ ਤੋਂ ਬਚਾਅ ਹੋਵੇਗਾ ਅਤੇ ਗਰੀਬੀ ਘਟੇਗੀ, ਕਾਲ ਨਹੀਂ ਪੈਣਗੇ ਅਤੇ ਭੁੱਖਮਰੀ ਤੋਂ ਛੁਟਕਾਰਾ ਮਿਲੇਗਾ। ਦੇਸ਼ ਵਿਚੋਂ ਭੁੱਖਮਰੀ, ਗਰੀਬੀ ਅਤੇ ਨਾਬਰਾਬਰਤਾ ਨੂੰ ਖਤਮ ਕਰਨ ਲਈ ਉਹ ਸੰਵਿਧਾਨ ਰਾਹੀਂ ਸਮਾਜਵਾਦ ਸਥਾਪਤ ਕਰਨਾ ਚਾਹੁੰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਬੇਰੁਜ਼ਗਾਰੀ ਸਨਅਤੀਕਰਨ ਨਾਲ ਹੀ ਖਤਮ ਹੋ ਸਕਦੀ ਹੈ ਅਤੇ

ਸਨਅਤੀਕਰਨ ਲਈ ਰਾਜ ਸਮਾਜਵਾਦ ਜ਼ਰੂਰੀ ਹੈ। ਉਨ੍ਹਾਂ ਦਾ ਸਮਾਜਵਾਦ ਵਿਚ ਕੇਵਲ ਵਿਸ਼ਵਾਸ ਹੀ ਨਹੀਂ ਸੀ ਸਗੋਂ ਉਨ੍ਹਾਂ ਭਾਰਤੀ ਸਮਾਜ ਲਈ ਇਕ ਨਵੀਂ ਕਿਸਮ ਦਾ ਸਮਾਜਵਾਦ, 'ਸੰਸਦੀ ਲੋਕ ਰਾਜ 'ਤੇ ਆਧਾਰਤ ਰਾਜ ਦਾ ਸੰਵਿਧਾਨਕ ਸਮਾਜਵਾਦ' ਮਾਡਲ ਪੇਸ਼ ਕੀਤਾ।

ਉਨ੍ਹਾਂ ਦਾ ਕਹਿਣਾ ਸੀ ਕਿ ਸਨਅਤਾਂ ਰਾਜ ਦੀ ਮਲਕੀਅਤ ਹੋਣੀਆਂ ਚਾਹੀਦੀਆਂ ਹਨ ਅਤੇ ਰਾਜ ਦੁਆਰਾ ਹੀ ਚਲਾਈਆਂ ਜਾਣ ਕਿਉਂਕਿ ਭਾਰਤ ਖੇਤੀ ਅਧਾਰਤ ਦੇਸ਼ ਹੈ। ਪਿੰਡਾਂ ਵਿਚ ਲੋਕਾਂ ਨੂੰ ਸਿਰਫ਼ ਹਾੜ੍ਹੀ-ਸਾਉਣੀ ਕੰਮ ਮਿਲਦਾ ਹੈ ਬਾਕੀ ਸਾਰਾ ਸਾਲ ਉਹ ਵਿਹਲੇ ਰਹਿੰਦੇ ਹਨ। ਇਸ ਕਾਰਨ ਉਹ ਗਰੀਬ ਹਨ। ਜੇ ਸਰਕਾਰ 50-50 ਪਿੰਡਾਂ ਨੂੰ ਇਕ ਯੂਨਿਟ ਮੰਨ ਕੇ ਉਨ੍ਹਾਂ ਦਰਮਿਆਨ ਇਕ ਵੱਡੀ ਸਨਅਤ ਲਾਵੇ ਤਾਂ ਜਿਥੇ ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਕੰਮ ਮਿਲੇਗਾ। ਉਥੇ ਬੇਰੁਜ਼ਗਾਰੀ ਤੇ ਗਰੀਬੀ ਨੂੰ ਠੱਲ੍ਹ ਪਵੇਗੀ ਅਤੇ ਲੋਕ ਖੁਸ਼ਹਾਲ ਹੋਣਗੇ, ਦੇਸ਼ ਵੀ ਤਰੱਕੀ ਕਰੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਵਿਦਿਆ ਵਿਚ ਅਸੀਮ ਸ਼ਕਤੀ ਹੈ। ਸਮਾਜਿਕ ਗੁਲਾਮੀ ਨੂੰ ਖਤਮ ਕਰਨ ਲਈ ਵਿਦਿਆ ਇਕ ਕਾਰਗਰ ਹਥਿਆਰ ਹੈ। ਜੇ ਔਰਤ-ਮਰਦ ਨੂੰ ਸਮਾਨ ਸਿੱਖਿਆ ਦਿੱਤੀ ਜਾਵੇ ਤਾਂ ਉਹ ਅਮੀਰ ਗਰੀਬ ਤੇ ਉਚ-ਨੀਚ ਦੇ ਭੇਦ-ਭਾਵ ਨੂੰ ਸਮਾਪਤ ਕਰ ਸਕਦੀ ਹੈ।

ਸਿੱਖਿਆ ਨੂੰ ਸਮਾਜ ਸੁਧਾਰ ਦਾ ਤੰਤਰ ਬਣਨਾ ਚਾਹੀਦਾ ਹੈ ਪਰ ਸਿੱਖਿਆ ਦਾ ਨਿੱਜੀਕਰਨ ਕਰਕੇ ਇਸ ਨੂੰ ਮੁਨਾਫ਼ਾ ਮੁਖੀ ਬਣਾਇਆ ਜਾ ਰਿਹਾ ਹੈ। ਸਿੱਖਿਆ ਹਰ ਇਕ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਇਸ ਦੀ ਪੂਰਤੀ ਲਈ ਉਨ੍ਹਾਂ ਸਿੱਖਿਆ ਦੇ ਅਧਿਕਾਰ ਨੂੰ ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ 'ਚ ਰੱਖਣ ਅਤੇ 14 ਸਾਲ ਤੱਕ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ ਕਿਉਂਕਿ ਉਚ ਸਿੱਖਿਆ ਹੀ ਸੱਭਿਅਕ ਹੋਣ ਦਾ ਇਕ ਮਾਤਰ ਸਾਰ ਹੈ। ਉਚ ਸਿੱਖਿਆ ਸਮਾਜਿਕ ਸਮੱਸਿਆਵਾਂ ਨੂੰ ਦੂਰ ਕਰਨ ਦਾ ਸਭ ਤੋਂ ਕਾਰਗਰ ਸਾਧਨ ਹੈ। ਡਾਕਟਰ ਅੰਬੇਡਕਰ ਚਾਹੁੰਦੇ ਸਨ ਕਿ ਖੇਤੀ ਪ੍ਰਧਾਨ ਭਾਰਤ ਵਿਚ ਸਭ ਸਨਅਤਾਂ ਦਾ ਅਧਾਰ ਖੇਤੀ ਬਣੇ ਕਿਉਂਕਿ ਸਨਅਤੀਕਰਨ ਤੋਂ ਬਿਨ੍ਹਾਂ ਦੇਸ਼ ਦੀ ਅਰਥਵਿਵਸਥਾ ਨਹੀਂ ਸੁਧਰ ਸਕਦੀ। ਇਸ ਲਈ ਦੇਸ਼ ਵਿਚ ਸਨਅਤੀ ਵਾਤਾਵਰਣ ਪੈਦਾ ਕਰਨ ਲਈ ਵਿੱਦਿਆ ਸਨਅਤ ਮੁਖੀ ਦਿੱਤੀ ਜਾਵੇ। ਇਸ ਪ੍ਰਕਾਰ ਨਾ ਸਿਰਫ਼ ਉਤਪਾਦਨ ਹੀ ਵਧੇਗਾ ਬਲਕਿ ਕੁਆਲਿਟੀ 'ਚ ਵੀ ਵਾਧਾ ਹੋਵੇਗਾ। ਅੱਜ ਦੇਸ਼ ਆਪਣੀ ਵਿਦੇਸ਼ ਨੀਤੀ ਕਾਰਨ ਵੀ ਬਹੁਤ ਸਾਰੀਆਂ ਸਮੱਸਿਆਵਾਂ ਵਿਚ ਉਲਝਿਆ ਹੋਇਆ ਹੈ।

ਵਿਦੇਸ਼ ਨੀਤੀ ਪ੍ਰਤੀ ਡਾਕਟਰ ਅੰਬੇਡਕਰ ਨੇ ਲਾਅ ਮਨਿਸਟਰੀ ਤੋਂ ਆਪਣਾ ਅਸਤੀਫਾ ਦਿੰਦੇ ਸਮੇਂ 10 ਅਕਤੂਬਰ 1951 ਨੂੰ ਜੋ ਬਿਆਨ ਜਾਰੀ ਕੀਤਾ ਉਸ ਵਿਚ ਉਹ ਲਿਖਦੇ ਹਨ ਕਿ 15 ਅਗਸਤ 1947 ਨੂੰ ਜਦ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਤਾਂ ਉਸ ਸਮੇਂ ਇਕ ਵੀ ਅਜਿਹਾ ਦੇਸ਼ ਨਹੀਂ ਸੀ ਜੋ ਸਾਡਾ ਭਲਾ ਨਾ ਚਾਹੁੰਦਾ ਹੋਵੇ। ਸੰਸਾਰ ਦਾ ਹਰ ਦੇਸ਼ ਸਾਡਾ ਮਿੱਤਰ ਸੀ। ਹੁਣ ਚਾਰ ਸਾਲਾਂ ਬਾਅਦ ਅਸੀਂ ਇਕੱਲੇ ਹੀ ਆਪਣੀ ਬੇੜੀ ਖਿੱਚੀ ਫਿਰਦੇ ਹਾਂ। ਯੂ.ਐਨ.ਓ. 'ਚ ਸਾਡੇ ਪ੍ਰਸਤਾਵਾਂ ਦਾ ਸਮਰਥਨ ਕਰਨ ਲਈ ਕੋਈ ਨਹੀਂ। ਆਮਦਨੀ ਦਾ ਵੱਡਾ ਹਿੱਸਾ ਸੈਨਿਕ ਸ਼ਕਤੀ 'ਤੇ ਖਰਚ ਕਰਨਾ ਪੈਂਦਾ ਹੈ। ਸਿੱਟੇ ਵਜੋਂ ਕਰੋੜਾਂ ਲੋਕਾਂ ਨੂੰ ਭੁੱਖਮਰੀ ਤੋਂ ਬਚਾਉਣਾ ਮੁਸ਼ਕਲ ਹੋ ਗਿਆ ਹੈ। ਰੋਜ਼ਾਨਾ ਦੀ ਮਾਰਧਾੜ, ਕਤਲੇਆਮ, ਉਧਾਲੇ, ਹਿੰਦੂਆਂ ਦੇ ਉਜਾੜੇ, ਹਿਜਰਤ ਕਰਨ ਤੇ ਮੌਜੂਦਾ ਸਥਿਤੀ ਵਿਸਫੋਟਕ ਬਣ ਚੁੱਕੀ ਹੈ। ਕਸ਼ਮੀਰ ਕਾਰਨ ਦੇਸ਼ ਨੂੰ ਪਾਕਿਸਤਾਨ ਨਾਲ ਤਿੰਨ ਲੜਾਈਆਂ ਲੜਨੀਆਂ ਪਈਆਂ। ਕਸ਼ਮੀਰ ਕਾਰਨ ਰੱਖਿਆ ਤੇ ਬੇਤਹਾਸ਼ਾ ਖਰਚਾ ਕਰਨਾ ਪੈ ਰਿਹਾ ਹੈ।

ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਡਾਕਟਰ ਅੰਬੇਡਕਰ ਨੇ ਦੇਸ਼ਵਾਸੀਆਂ ਨੂੰ ਸੰਵਿਧਾਨ ਦਿੰਦੇ ਹੋਏ 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਚਿਤਾਵਨੀ ਦਿੰਦਿਆਂ ਕਿਹਾ ਸੀ, 'ਸਾਡੇ ਦੇਸ਼ ਵਿਚ ਵੱਖ-ਵੱਖ ਤੇ ਪਰਸਪਰ ਵਿਰੋਧੀ ਬਹੁਤ ਸਾਰੇ ਰਾਜਨੀਤਕ ਦਲ ਪੈਦਾ ਹੋ ਰਹੇ ਹਨ। ਕੀ ਭਾਰਤ ਵਾਸੀ ਆਪਣੇ ਧਰਮ ਅਤੇ ਰਾਜਨੀਤਕ ਵਿਚਾਰਾਂ ਨੂੰ ਦੇਸ਼ ਤੋਂ ਉੱਚਾ ਸਮਝਣਗੇ? ਮੈਨੂੰ ਇਸ ਬਾਰੇ ਕੁਝ ਪਤਾ ਨਹੀਂ ਪਰ ਇੰਨਾ ਨਿਸ਼ਚਿਤ ਹੈ ਕਿ ਜੇ ਵੱਖ-ਵੱਖ ਰਾਜਨੀਤਕ ਦਲਾਂ ਨੇ ਆਪਣੇ ਰਾਜਨੀਤਕ ਵਿਚਾਰਾਂ ਨੂੰ ਦੇਸ਼ ਤੋਂ ਉੱਚਾ ਮੰਨਿਆ ਤਾਂ ਦੇਸ਼ ਦੁਬਾਰਾ ਆਪਣੀ ਆਜ਼ਾਦੀ ਖਤਰੇ 'ਚ ਪਾ ਲਵੇਗਾ।' ਉਨ੍ਹਾਂ ਇਹ ਵੀ ਕਿਹਾ ਕਿ 26 ਜਨਵਰੀ 1950 ਨੂੰ ਅਸੀਂ ਇਕ ਨਵੀਂ ਜ਼ਿੰਦਗੀ ਵਿਚ ਪ੍ਰਵੇਸ਼ ਕਰਾਂਗੇ। ਰਾਜਨੀਤੀ ਵਿਚ ਅਸੀਂ ਬਰਾਬਰ ਹੋਵਾਂਗੇ ਪਰ ਸਮਾਜੀ ਅਤੇ ਮਾਲੀ ਜੀਵਨ ਵਿਚ ਨਾਬਰਾਬਰ। ਜੇ ਅਸੀਂ ਕਾਫੀ ਚਿਰ ਇਨਕਾਰ ਕਰਦੇ ਰਹੇ ਤਾਂ ਅਜਿਹੀ ਸਿਆਸੀ ਜਮਹੂਰੀਅਤ ਨੂੰ ਖਤਰੇ ਵਿਚ ਪਾ ਕੇ ਰਹਾਂਗੇ।

ਸਾਨੂੰ ਇਸ ਫਰਕ ਨੂੰ ਛੇਤੀ ਤੋਂ ਛੇਤੀ ਦੂਰ ਕਰ ਦੇਣਾ ਚਾਹੀਦਾ ਹੈ ਵਰਨਾਓ_ਹਲ ੋਕਜ ੋਨ ਾਬਰਾਬਰੀਤ ੋਪ ੀੜਤਹ ੋਣਗੇਓ_ਹਿ ਸਆਸੀ ਜਮਹੂਰੀਅਤ ਦੇ ਢਾਂਚੇ ਨੂੰ ਨੁਕਸਾਨ ਪਹੁੰਚਾਉਣਗੇ ਜੋ ਇਸ ਵਿਧਾਨ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ। ਦੇਸ਼ ਦੀ ਆਜ਼ਾਦੀ ਦੀ ਰੱਖਿਆ ਲਈ ਸਾਨੂੰ ਆਪਣੇ ਖ਼ੂਨ ਦਾ ਆਖਰੀ ਕਤਰਾ ਤੱਕ ਡੋਲਣਾ ਪਵੇਗਾ। ਨਵੇਂ ਸੰਵਿਧਾਨ ਵਿਚ ਜੇ ਹਾਲਾਤ ਵਿਗੜੇ ਤਾਂ ਕਾਰਨ ਇਹ ਨਹੀਂ ਹੋਵੇਗਾ ਕਿ ਸੰਵਿਧਾਨ ਮਾੜਾ ਹੈ ਸਗੋਂ ਇਹ ਕਹਿਣਾ ਪਵੇਗਾ ਕਿ ਲਾਗੂ ਕਰਨ ਵਾਲੇ ਨਿਕੰਮੇ ਨਿਕਲੇ। ਅੱਜ ਰਾਜਨੀਤਕ ਪਾਰਟੀਆਂ ਸਿਧਾਂਤਾਂ ਨੂੰ ਤਰਜੀਹ ਨਹੀਂ ਦਿੰਦੀਆਂ ਸਗੋਂ ਨੇਤਾ ਆਪਣੇ ਸਵਾਰਥਾਂ ਨੂੰ ਤਰਜੀਹ ਦਿੰਦੇ ਹਨ। ਹਰ ਪਾਰਟੀ ਦਾ ਵੱਡੇ ਤੋਂ ਵੱਡਾ ਨੇਤਾ ਸਕੈਂਡਲਾਂ ਵਿਚ ਫਸਿਆ ਹੋਇਆ ਹੈ। ਸਰਕਾਰਾਂ ਬਣਦੀਆਂ ਹਨ ਪਰ ਹਰ ਨੇਤਾ ਪਾਰਟੀ ਅਤੇ ਸਰਕਾਰ ਨੂੰ ਆਪਣੀ ਇੱਛਾ ਅਨੁਸਾਰ ਚਲਾਉਣਾ ਚਾਹੁੰਦਾ ਹੈ। ਆਪਾ-ਧਾਪੀ ਪਈ ਹੋਈ ਹੈ। ਵਿਦੇਸ਼ੀ ਕੰਪਨੀਆਂ ਨੂੰ ਬਾਹਰੋਂ ਬੁਲਾਇਆ ਜਾ ਰਿਹਾ ਹੈ।

ਦੇਸ਼ ਆਰਥਿਕ ਪੱਖੋਂ ਗੁਲਾਮ ਹੁੰਦਾ ਜਾ ਰਿਹਾ ਹੈ। ਉਪਰੋਕਤ ਸਮੱਸਿਆਵਾਂ ਦੀ ਪੂਰਤੀ ਲਈ ਡਾਕਟਰ ਅੰਬੇਡਕਰ ਨੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਪਾਸੋਂ ਯੋਜਨਾ ਵਿਭਾਗ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਨੂੰ ਯੋਜਨਾ ਵਿਭਾਗ ਨਹੀਂ ਦਿੱਤਾ ਗਿਆ। ਡਾਕਟਰ ਅੰਬੇਡਕਰ ਦੀਆਂ ਸਭ ਯੋਜਨਾਵਾਂ ਧਰੀਆਂ ਧਰਾਈਆਂ ਰਹਿ ਗਈਆਂ। ਜੇ ਉਨ੍ਹਾਂ ਨੂੰ ਉਸ ਸਮੇਂ ਯੋਜਨਾ ਵਿਭਾਗ ਦੇ ਦਿੱਤਾ ਗਿਆ ਹੁੰਦਾ ਤਾਂ ਅੱਜ ਦੇਸ਼ ਭੁੱਖਮਰੀ, ਹੜ੍ਹਾਂ, ਕਾਲ, ਬੇਰੁਜ਼ਗਾਰੀ, ਗਰੀਬੀ, ਬਿਜਲੀ ਸੰਕਟ, ਭ੍ਰਿਸ਼ਟਾਚਾਰ ਆਦਿ ਸਮੱਸਿਆਵਾਂ ਤੋਂ ਮੁਕਤ ਹੁੰਦਾ।

ਦੇਸ਼ ਦੀ ਉਨਤੀ ਲਈ ਡਾਕਟਰ ਅੰਬੇਡਕਰ ਵੱਲੋਂ ਕੀਤੀਆਂ ਭਵਿੱਖਬਾਣੀਆਂ ਸੱਚ ਸਿੱਧ ਹੋਈਆਂ। ਜੇ ਡਾਕਟਰ ਅੰਬੇਡਕਰ ਦੇ ਉਸ ਸਮੇਂ ਦਿੱਤੇ ਸੁਝਾਵਾਂ, ਸਕੀਮਾਂ ਅਤੇ ਯੋਜਨਾਵਾਂ ਨੂੰ ਮੰਨ ਲਿਆ ਜਾਂਦਾ ਤਾਂ ਅੱਜ ਦੇਸ਼ ਸਾਹਮਣੇ ਕੋਈ ਸੰਕਟ ਨਾ ਹੁੰਦਾ ਤੇ ਦੇਸ਼ ਖੁਸ਼ਹਾਲ ਹੁੰਦਾ। ਇਹ ਦੇਸ਼ ਦੁਨੀਆਂ ਦੀ ਤਰੱਕੀ ਯਾਫ਼ਤਾ ਮੈਰਿਟ ਵਿਚ 129 ਨੰਬਰ 'ਤੇ ਨਹੀਂ ਸਗੋਂ ਪਹਿਲਿਆਂ ਵਿਚ ਹੁੰਦਾ।

# ਬੂੰਦ-ਬੂੰਦ ਲਈ ਤਰਸ ਰਹੇ ਅਸੀਂ ਪੁੱਤ ਦਰਿਆਵਾਂ ਦੇ



ਪੰਜਾਬ, ਪਾਣੀਆਂ ਤੋਂ ਨਿੱਤ ਪਿਆਸਾ ਹੁੰਦਾ ਜਾ ਰਿਹਾ ਹੈ। ਉਹ ਸੰਕਟ ਭਰੇ ਦਿਨ ਦੂਰ ਦਿਖਾਈ ਨਹੀਂ ਦੇ ਰਹੇ, ਜਦ ਪੰਜਾਬ ਦੇ ਲੋਕ ਪਾਣੀ ਲਈ ਤ੍ਰਾਹ ਤ੍ਰਾਹ ਕਰਨਗੇ। ਪੰਜਾਬ ਦੇ 138 ਬਲਾਕਾਂ ਵਿੱਚੋਂ 110 ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਨੀਵਾਂ ਹੋ ਚੁਕਿਆ ਹੈ। ਝੋਨੇ, ਕਣਕ ਆਦਿ ਰਵਾਇਤੀ ਫ਼ਸਲਾਂ ਦੇ ਬੀਜਣ, ਪਾਲਣ ਲਈ ਲੋੜੀਂਦਾ ਪਾਣੀ ਨਾ ਮਿਲਣ ਕਾਰਨ, ਧਰਤੀ ਦੀ ਕੁੱਖ ਨੂੰ ਪਾੜ ਕੇ, ਹੋਰ ਡੂੰਘਾ ਕਰਕੇ ਸਬਮਰਸੀਵਲ ਪੰਪਾਂ ਰਾਹੀਂ ਵਧੇਰੇ ਖਰਚਾ ਕਰਕੇ ਵਰਤਿਆ ਜਾ ਰਿਹਾ ਹੈ, ਕਿਉਂਕਿ ਲੰਮੇ ਸਮੇਂ ਤੋਂ ਨਹਿਰੀ ਪਾਣੀ ਦੀ ਵਰਤੋਂ ਨੂੰ ਪੰਜਾਬ ਦੇ ਬਹੁਤੇ ਖਿੱਤਿਆਂ ਵਿਚ ਜਿਵੇਂ ਤਿਲਾਂਜ਼ਲੀ ਹੀ ਦਿੱਤੀ ਹੋਈ ਹੈ। ਉਂਜ ਇੱਕਲੀ ਖੇਤੀ ਲਈ ਹੀ ਨਹੀਂ, ਪੀਣ ਵਾਲਾ ਸ਼ੁਧ ਪਾਣੀ ਧਰਤੀ ਦੀ ਉਪਰਲੀ ਸਤਹ ਉੱਤੇ ਨਾ ਮਿਲਣ, ਮੀਂਹ ਦੇ ਪਾਣੀ ਦੀ ਯੋਗ ਵਰਤੋਂ ਅਤੇ ਸੰਭਾਲ ਨਾ ਹੋਣ, ਪੰਜਾਬ ਦੇ ਝਰਨਿਆਂ, ਨਦੀਆਂ, ਖਾਲਿਆਂ ਦੇ ਪਾਣੀ ਦੇ ਬੇਇੰਤਹਾ ਪ੍ਰਦੂਸ਼ਿਤ ਹੋਣ ਦੇ ਸਿੱਟੇ ਵਜੋਂ ਪਾਣੀ ਪੀਣ ਲਈ ਸ਼ਹਿਰਾਂ 'ਚ ਸਬਮਰਸੀਵਲ ਪੰਪਾਂ ਰਾਹੀਂ ਪਾਣੀ ਕੱਢਣ ਨਾਲ ਪਾਣੀ ਦਾ ਸੰਕਟ ਹੋਰ ਵਧਿਆ ਹੈ। ਰਹਿੰਦੀ ਖੂੰਹਦੀ ਕਸਰ ਪਿੰਡਾਂ ਸ਼ਹਿਰਾਂ 'ਚ ਪਾਣੀ ਸ਼ੁਧ ਕਰਨ ਲਈ ਵਰਤੇ ਜਾਣ ਵਾਲੇ ਆਰ.ਓ. ਸਿਸਟਮ ਨੇ ਪੂਰੀ ਕਰ ਦਿੱਤੀ ਹੈ, ਜਿਹੜਾ ਸ਼ੁਧ ਪਾਣੀ ਤਾਂ ਘੱਟ ਮਾਤਰਾ 'ਚ ਦਿੰਦਾ ਹੈ, ਪਰ ਵੱਧ ਮਾਤਰਾ ਵਿੱਚ ਪਾਣੀ ਖਰਾਬ (ਵੇਸਟ) ਕਰ ਦਿੰਦਾ ਹੈ। ਪੰਜਾਬ ਦੇ ਕੁਲ 5.04 ਮਿਲੀਅਨ ਹੈਕਟੇਅਰ ਖੇਤਰ ਵਿੱਚ ਪੰਜਾਬ ਦਾ ਸਿੰਚਾਈ ਯੋਗ ਰਕਬਾ 4.04 ਮਿਲੀਅਨ ਹੈਕਟੇਅਰ ਹੈ, ਜਿਸਦਾ 27 ਫੀਸਦੀ ਹਿੱਸਾ ਨਹਿਰਾਂ ਨਾਲ (ਭਾਵ 1.32 ਮਿਲੀਅਨ ਹੈਕਟੇਅਰ) ਸਿੰਜਿਆ ਜਾਂਦਾ ਹੈ। ਅਤੇ 73 ਫੀਸਦੀ ਹਿੱਸਾ(ਭਾਵ 2.72 ਮਿਲੀਅਨ ਹੈਕਟੇਅਰ) ਟਿਊਬਵੈਲਾਂ ਨਾਲ। ਪੰਜਾਬ 'ਚ ਇਸ ਵੇਲੇ ਮਹਿੰਗੇ ਭਾਅ ਦੇ 13 ਲੱਖ ਟਿਊਬਵੈਲ ਸਿੰਚਾਈ ਲਈ ਵਰਤੇ ਜਾ ਰਹੇ ਹਨ। ਪਰ ਇਸ ਸਭ ਹੈਰਾਨੀ ਜਨਕ ਤੱਥਾਂ ਨੂੰ ਵੇਖਦਿਆਂ ਵੀ ਪੰਜਾਬ ਦਾ ਸਿਆਸਤਦਾਨ, ਉੱਚਾ ਨੌਕਰਸ਼ਾਹ ਅਤੇ ਪੰਜਾਬ ਲਈ ਯੋਜਨਾਵਾਂ ਤਿਆਰ ਕਰਨ ਵਾਲੇ ਮਾਹਿਰ ਆਖ਼ਿਰ ਇੰਨਾ ਸਮਾਂ ਲੰਮੀਆਂ ਤਾਣ ਕੇ ਕਿਉਂ ਕੁੰਭਕਰਨ ਦੀ ਨੀਂਦਰ ਸੁੱਤੇ ਪਏ ਰਹੇ? ਪੰਜਾਬ ਜਿਹੜਾ ਨਿੱਤ ਤਿਲ ਤਿਲ ਕਰਕੇ ਹੋਰ ਸਮੱਸਿਆਵਾਂ ਨਾਲ ਜੂਝਦਾ ਆ ਰਿਹਾ ਹੈ, ਉਹ ਸਾਹਮਣੇ ਦਿਸਦੀ ਮੁਸੀਬਤ ਨਾਲ ਦੋ ਚਾਰ ਹੋਣ ਲਈ ਆਪਣੇ ਆਪ ਨੂੰ ਤਿਆਰ ਕਿਉਂ ਨਹੀਂ ਕਰ ਸਕਿਆ? ਕਥਿਤ ਵਿਕਾਸ ਦੇ ਨਾਮ ਉੱਤੇ ਪੰਜਾਬ ਦੇ ਪਿੰਡਾਂ ਨੂੰ ਜੀਵਨ ਬਖਸ਼ਣ ਵਾਲੇ ਸੁੰਦਰ ਛੱਪੜ, ਜਲਗਾਹਾਂ ਆਖਿਰ ਕਿਉਂ ਪੂਰ ਦਿੱਤੇ ਗਏ? ਪੰਜਾਬ ਦੇ ਕਲ ਕਲ ਕਰਦੇ ਝਰਨੇ, ਖਾਲੇ, ਨਾਲੇ, ਬੇਈਆਂ, ਪ੍ਰਦੂਸ਼ਿਤ ਕਰਨ ਦੀ ਪੰਜਾਬ ਦੇ ਦੋਖੀਆਂ ਨੂੰ ਖੁਲ੍ਹ ਕਿਉਂ ਦੇ ਦਿੱਤੀ ਗਈ? ਸੂਬੇ ਦੀ ਧਰਤੀ ਨੂੰ ਬੰਜਰ ਕਰਨ ਵਾਲੀਆਂ ਫਸਲਾਂ, ਪੌਦੇ, ਦਰਖਤ ਬੀਜਣ ਦੀ ਕਿਸਾਨਾਂ ਨੂੰ ਖੁੱਲ੍ਹ ਕਿਉਂ ਦਿੱਤੀ ਗਈ, ਜਿਸ ਦੇ ਸਿੱਟੇ ਅੱਜ ਦੇਸ਼ ਦਾ ਅੰਨਦਾਤਾ ਕਹਾਉਣ ਵਾਲਾ ਕਿਸਾਨ ਹੀ ਨਹੀਂ ਭੁਗਤ ਰਿਹਾ, ਪੰਜਾਬ ਦੀ ਇਹ ਧਰਤੀ ਵੀ ਭੁਗਤ ਰਹੀ ਹੈ। ਪੰਜਾਬ ਦੇ ਨਹਿਰੀ ਪਾਣੀਆਂ ਨੂੰ ਸਿੰਜਾਈ ਲਈ ਨਾ ਵਰਤੇ ਜਾਣ ਦੀ ਸਥਿਤੀ ਆਖਿਰ ਕਿਸ ਨੇ ਪੈਦਾ ਹੋਣ ਦਿੱਤੀ? ਤੇ ਪੰਜਾਬ ਨੂੰ ਮਹਿੰਗੇ ਟਿਊਬਵਲੀ ਪਾਣੀ ਉੱਤੇ ਹੀ ਨਿਰਭਰ ਕਰਨ ਦੀ ਸਾਜ਼ਿਸ਼ ਲਈ ਆਖਰ ਕੌਣ ਜ਼ਿੰਮੇਵਾਰ ਹੈ? ਪੰਜਾਬ ਜਿਹੜਾ ਕਦੇ ਨਹਿਰੀ ਪਾਣੀ ਵਰਤਣ ਵਾਲੇ ਵਿਸ਼ੇਸ਼ ਸੂਬੇ ਵਜੋਂ ਗਿਣਿਆ ਜਾਂਦਾ ਸੀ, ਅੱਜ ਉਸਦੀਆਂ ਨਹਿਰਾਂ, ਸੂਏ ਪਾਣੀ ਤੋਂ ਸੱਖਣੇ ਹੋਏ ਪਏ ਹਨ। ਲਗਭਗ 40 ਫੀਸਦੀ ਨਹਿਰੀ ਪਾਣੀ ਘੱਟ ਚੁੱਕਿਆ ਹੈ ਜੋ ਦੂਜੇ ਸੂਬਿਆਂ ਨੂੰ "ਬਖਸ਼ੀਸ਼" ਵਜੋਂ ਦਿੱਤਾ ਜਾ ਚੁੱਕਾ ਹੈ। ਚੰਡੀਗੜ੍ਹ ਆਪ ਤਾਂ ਪਾਣੀ ਪੰਜਾਬ ਤੋਂ ਮੁਫਤ ਲੈਂਦਾ ਹੈ, ਪਰ ਚੰਡੀਗੜ੍ਹ ਦੇ ਖਪਤਕਾਰਾਂ ਤੋਂ ਇਸ ਮੁਫਤ ਮਿਲੇ ਪਾਣੀ ਤੋਂ "ਨੋਟ" ਬਣਾਉਂਦਾ ਹੈ।




**ਗੁਰਮੀਤ ਸਿੰਘ ਪਲਾਹੀ**
218, ਗੁਰੂ ਹਰਗੋਬਿੰਦ ਨਗਰ,
ਫਗਵਾੜਾ
ਮੋ. 98158-02070


ਇਹੋ ਹਾਲ ਸਤਲੁਜ-ਯਮੁਨਾ ਲਿੰਕ ਅਤੇ ਹਾਂਸੀ ਬੁਟਾਣਾ ਨਹਿਰ 'ਚ ਪਾਣੀ ਛੱਡਣ ਨਾਲ ਹੋਏਗਾ।

ਉਤਰੀ ਭਾਰਤ ਵਿੱਚ ਮੁੱਖ ਤੌਰ 'ਤੇ ਆਬਾਦੀ ਦੇ ਵਾਧੇ, ਹਰੇ ਇਨਕਲਾਬ ਤੋਂ ਬਾਅਦ ਖੇਤੀ ਦੇ ਆਧੁਨਿਕੀਕਰਨ, ਉਦੋਯਗਿਕ ਤਰੱਕੀ ਅਤੇ ਸ਼ਹਿਰੀਕਰਨ ਨਾਲ ਪਾਣੀ ਦੀ ਵਧੇਰੇ ਥੁੜ੍ਹ ਮਹਿਸੂਸ ਹੋਣ ਲੱਗ ਪਈ

ਅਤੇ ਸੂਬਿਆਂ ਦੇ ਪਾਣੀਆਂ ਦੇ ਵੰਡ ਸਮੇਂ ਝਗੜੇ ਵਧਣ ਲੱਗੇ। ਰਾਵੀ ਦੇ ਪਾਣੀ ਦੇ ਝਗੜੇ ਵਿੱਚ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਜੰਮੂ ਕਸ਼ਮੀਰ ਤੇ ਦਿੱਲੀ ਅਤੇ ਸੱਤਲੁਜ ਯਮੁਨਾ ਲਿੰਕ ਕੈਨਾਲ ਝਗੜੇ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਅਤੇ ਯਮੁਨਾ ਨਦੀ ਝਗੜੇ ਵਿੱਚ ਹਰਿਆਣਾ, ਉਤਰ ਪ੍ਰਦੇਸ਼ ਹਿਮਾਚਲ, ਪੰਜਾਬ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਦਿੱਲੀ ਸ਼ਾਮਲ ਹੋ ਗਏ। ਇਨ੍ਹਾਂ ਪਾਣੀ ਦੇ ਮਸਲਿਆਂ, ਝਗੜਿਆਂ ਵਿੱਚ ਬਹੁਤਾ ਨੁਕਸਾਨ ਦੇਸ਼ ਦੇ ਰਿਪੇਰੀਅਨ ਕਾਨੂੰਨ ਤਹਿਤ ਦਰਿਆਵਾਂ ਦਾ ਮਾਲਕ ਹੁੰਦਿਆਂ ਵੀ ਪੰਜਾਬ ਨੂੰ ਉਠਾਉਣਾ ਪੈ ਰਿਹਾ ਹੈ।

ਪੰਜਾਬ ਸਰਕਾਰ ਨੇ 10 ਸਾਲ ਪਹਿਲਾਂ ਨਦੀ ਜਲ ਝਗੜਾ ਕਾਨੂੰਨ ਤਹਿਤ ਨਦੀ ਜਲ ਵਟਵਾਰੇ ਲਈ ਕੇਂਦਰ ਸਰਕਾਰ ਨੂੰ ਟ੍ਰਿਬਿਊਨਲ ਦਾ ਗਠਨ ਕਰਨ ਦੀ ਬੇਨਤੀ ਕੀਤੀ ਸੀ। ਪੰਜਾਬ ਦੇ ਮੁੱਖ ਮੰਤਰੀ ਖੁਦ ਸਮੇਂ ਸਮੇਂ 'ਤੇ ਕੇਂਦਰ ਸਰਕਾਰ ਕੋਲ ਪਾਣੀਆਂ ਦੀ ਮੁੜ ਵੰਡ ਕਰਵਾਉਣ ਹਿੱਤ ਲਗਾਤਾਰ ਚਾਰਾਜ਼ੋਈ ਕਰਦੇ ਰਹੇ ਹਨ, ਪਰ ਬਾਵਜੂਦ ਨਦੀ ਜਲ ਝਗੜਾ ਕਾਨੂੰਨ ਤਹਿਤ ਇਹ ਨਿਯਮ ਹੋਣ ਦੇ ਕਿ ਟ੍ਰਿਬਿਊਨਲ ਦਾ ਗਠਨ ਇੱਕ ਸਾਲ ਦੇ ਵਿੱਚ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ, ਕੇਂਦਰ ਦੀ ਸਰਕਾਰ ਨੇ ਨੇ ਕਾਰਵਾਈ ਨਾ ਕੀਤੀ।

ਮਜ਼ਬੂਰ ਹੋ ਕੇ ਪੰਜਾਬ ਸਰਕਾਰ ਨੇ ਭਾਰਤ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵਿੱਚ ਭਾਰਤੀ ਸੰਵਿਧਾਨ ਦੀ ਧਾਰਾ 131 ਤਹਿਤ ਕੇਸ ਦਾਇਰ ਕੀਤਾ ਹੈ ਅਤੇ ਅਪੀਲ ਕੀਤੀ ਹੈ ਕਿ ਅੰਤਰ ਰਾਜੀ ਜਲ ਝਗੜਾ ਨਿਪਟਾਰਾ ਕਾਨੂੰਨ 1956 ਦੇ ਸੈਕਸ਼ਨ 4 ਤਹਿਤ ਯੋਗ ਟ੍ਰਿਬਿਊਨਲ ਦਾ ਗਠਨ ਕਰਨ ਲਈ ਕਾਨੂੰਨ ਦੀ ਧਾਰਾ ਤਿੰਨ ਤਹਿਤ ਪੰਜਾਬ ਸਰਕਾਰ ਵਲੋਂ ਇੱਕ ਸ਼ਕਾਇਤ ਦੇ ਫੈਸਲੇ ਲਈ ਭਾਰਤ ਸਰਕਾਰ ਨੂੰ ਜ਼ਰੂਰੀ ਹਦਾਇਤ ਕਰੇ। ਪੰਜਾਬ ਸਰਕਾਰ ਨੇ ਕਿਹਾ ਹੈ ਕਿ ਰਾਵੀ-ਬਿਆਸ ਦੇ ਪਾਣੀਆਂ ਦੇ ਨਾਲ ਧਰਤੀ ਹੇਠਲੇ ਪਾਣੀ 'ਚ ਕਮੀ ਆਈ ਹੈ, ਇਸ ਕਰਕੇ ਵਿਗਿਆਨਕ ਤੱਥਾਂ ਦੇ ਆਧਾਰ 'ਤੇ ਪਾਣੀਆਂ ਦੀ ਮੁੜ ਵੰਡ ਲਈ ਟ੍ਰਿਬਿਊਨਲ ਬਨਾਉਣਾ ਜ਼ਰੂਰੀ ਹੈ ਅਤੇ ਇਹ ਵੀ ਤਹਿ ਕਰਨਾ ਲਾਜ਼ਮੀ ਹੈ ਕਿ ਹਰਿਆਣਾ ਤੇ ਰਾਜਸਥਾਨ ਰਿਪੇਰੀਅਨ ਸੂਬੇ ਹਨ ਜਾਂ ਨਹੀਂ ? ਕਿਉਂਕਿ ਰਾਵੀ ਬਿਆਸ ਦੇ ਪਾਣੀਆਂ 'ਤੇ ਪਹਿਲਾ ਹੱਕ ਪੰਜਾਬ ਦਾ ਬਣਦਾ ਹੈ, ਜਿਥੇ ਪਾਣੀ ਦੀ ਘਾਟ ਲਗਾਤਾਰ ਹੋ ਰਹੀ ਹੈ। ਪੰਜਾਬ ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਹਰਿਆਣਾ ਦੇ ਯਮੁਨਾ ਬੇਸਿਨ ਖੇਤਰ ਨੇ 12 ਮਈ 1994 ਨੂੰ ਯਮੁਨਾ ਸਮਝੌਤਾ ਕਰਕੇ ਅਤੇ ਸ਼ਾਰਦਾ ਯਮੁਨਾ ਲਿੰਕ ਚੈਨਲ ਦਾ ਪ੍ਰੋਜੈਕਟ ਬਣਾਕੇ ਰਾਵੀ ਬਿਆਸ ਪਾਣੀਆਂ ਤੋਂ ਆਪਣਾ ਹੱਕ ਗੁਆ ਲਿਆ ਹੈ। ਬਿਆਸ ਤੋਂ ਯਮੁਨਾ ਖੇਤਰ ਨੂੰ ਪਾਣੀ ਦੀ ਸਪਲਾਈ, ਮਾਲਵਾ ਖਿੱਤੇ ਦੇ ਸੱਤ ਜ਼ਿਲ੍ਹਿਆਂ 'ਚ ਪਾਣੀ ਦਾ ਸੋਕਾ ਹੋਰ
ਵਧਾ ਦੇਵੇਗੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਇੱਕ ਦਲੇਰਾਨਾ ਫੈਸਲਾ ਲੈਂਦਿਆਂ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ 'ਚ ਪਾਣੀ ਦੀ ਕਮੀ ਵੇਖਦਿਆਂ ਪਾਣੀ ਸਬੰਧੀ ਗਵਾਂਢੀ ਰਾਜਾਂ ਨਾਲ ਕੀਤੇ ਸਮਝੌਤੇ ਰੱਦ ਕਰਵਾ ਦਿੱਤੇ ਗਏ ਸਨ ਅਤੇ ਮੌਜੂਦਾ ਹਰਿਆਣਾ ਸਰਕਾਰ ਵਲੋਂ ਉਸੇ ਟਰਮੀਨੇਸ਼ਨ ਆਫ ਐਗਰੀਮੈਂਟਸ ਨੂੰ ਰੱਦ ਕਰਾਉਣ ਲਈ ਸੁਪਰੀਮ ਕੋਰਟ ਵਿੱਚ ਜਾਣ ਦਾ ਐਲਾਨ ਕੀਤੇ ਜਾਣ ਤੋਂ ਤਿੰਨ ਦਿਨ ਦੇ ਬਾਅਦ ਹੀ ਪੰਜਾਬ ਦੀ ਮੌਜੂਦਾ ਸਰਕਾਰ ਨੇ ਸੁਪਰੀਮ ਕੋਰਟ ਦਾ ਜਾ ਦਰਵਾਜ਼ਾ ਖੜਕਾਇਆ ਹੈ। ਹਰਿਆਣਾ ਸਰਕਾਰ ਵੀ ਸਤਲੁਜ-ਯਮੁਨਾ ਸੰਪਰਕ ਨਹਿਰ ਨੂੰ ਛੇਤੀ ਪੂਰੀ ਕਰਵਾਉਣ ਦੀ ਚਾਹਵਾਨ ਹੈ ਅਤੇ ਹਾਂਸੀ-ਬੁਟਾਨਾ ਨਹਿਰ ਨੂੰ ਛੇਤੀ ਚਾਲੂ ਕਰਵਾਕੇ ਹਰਿਆਣਾ ਦੀ ਖੱਟਰ ਸਰਕਾਰ ਕਿਸਾਨਾਂ ਨੂੰ ਨਿਆਂ ਦਵਾਉਣ ਲਈ ਵਚਨਬੱਧ ਹੈ। ਸਾਲ 1981-2002 ਦੇ ਪਾਣੀ ਦੇ ਅੰਕੜੇ ਕਹਿੰਦੇ ਹਨ ਕਿ ਪੰਜਾਬ ਲਈ ਰਾਵੀ-ਬਿਆਸ ਨਦੀਆਂ ਵਿੱਚ ਪਾਣੀ ਦੀ ਉਪਲੱਭਤਾ 17.17 ਐਮ.ਏ.ਐਫ. ਤੋਂ ਘੱਟ ਕੇ 14.37 ਐਮ.ਏ.ਐਫ ਰਹਿ ਗਈ ਹੈ। ਇਹ ਉਪਲੱਭਤਾ 1981 ਤੋਂ 2013 ਦੇ ਅੰਕੜਿਆਂ ਅਨੁਸਾਰ ਹੋਰ ਵੀ ਘੱਟ ਗਈ ਭਾਵ 13.38 ਐਮ.ਏ.ਐਫ ਹੋ ਗਈ। ਪੰਜਾਬ ਦੇ ਹਿੱਤਾਂ ਉੱਤੇ ਡਾਕਾ ਮਾਰਦਿਆਂ ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ 'ਚ ਜੋ ਯਮੁਨਾ ਸਮਝੌਤਾ ਹੋਇਆ, ਉਸ ਅਨੁਸਾਰ ਯਮੁਨਾ ਬੇਸਿਨ ਸਮਝੋਤੇ ਵਾਲੇ ਖੇਤਰਾਂ ਨੂੰ 4.65 ਐਮ.ਏ.ਐਫ. ਪਾਣੀ ਦੇ ਦਿੱਤਾ ਗਿਆ। ਜਿਸ ਨਾਲ ਪੰਜਾਬ ਦੇ ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਮੋਗਾ, ਸੰਗਰੂਰ, ਮਾਨਸਾ ਅਤੇ ਬਠਿੰਡਾ ਜ਼ਿਲ੍ਹੇ ਪਾਣੀ ਦੀ ਘਾਟ ਕਾਰਨ ਹੋਰ ਪੀੜਤ ਹੋ ਗਏ। ਕੇਂਦਰ ਸਰਕਾਰ ਦਾ ਭੂਮੀ-ਜਲ ਬੋਰਡ ਦਾ ਸਰਵੇਖਣ ਇਹ ਦਰਸਾਉਂਦਾ ਹੈ ਸੂਬੇ ਪੰਜਾਬ ਵਿੱਚ ਸਿੰਚਾਈ ਲਈ ਨਦੀ ਜਲ ਦੀ ਕਮੀ ਆਈ ਹੈ, ਇਸ ਕਰਕੇ ਪੰਜਾਬ ਨੂੰ ਧਰਤੀ ਹੇਠਲੇ ਪਾਣੀ ਦੀ ਹੱਦ ਤੋਂ ਵੱਧ ਵਰਤੋਂ ਕਰਨੀ ਪਈ ਹੈ।

ਪੰਜਾਬ ਜਿਹੜਾ ਤ੍ਰਿਹਾਇਆ ਪਿਆ ਹੈ। ਪੰਜਾਬ ਜਿਹੜਾ ਸੋਕੇ ਦਾ ਸ਼ਿਕਾਰ ਹੋ ਰਿਹਾ ਹੈ। ਪੰਜਾਬ ਜਿਸਨੂੰ ਫਸਲਾਂ ਦੀ ਸਿੰਚਾਈ ਲਈ ਦੇਸ਼ ਦੇ ਅੰਨ ਭੰਡਾਰ ਨੂੰ ਸੁੱਰਖਿਅਤ ਰੱਖਣ ਵਾਸਤੇ, ਪਾਣੀ ਦੀ ਅਤਿਅੰਤ ਲੋੜ ਹੈ। ਪੰਜਾਬ ਜਿਹੜਾ ਖੇਤੀ ਪ੍ਰਧਾਨ ਸੂਬਾ ਹੈ। ਜਿਸਦੀ ਵੱਡੀ ਆਬਾਦੀ ਦੀ ਆਮਦਨ ਅਤੇ ਜੀਊਣ ਦਾ ਅਧਾਰ ਖੇਤੀ ਹੈ ਅਤੇ ਉਸ ਖੇਤੀ ਲਈ ਪਾਣੀ ਦੀ ਉਤਨੀ ਹੀ ਲੋੜ ਹੈ, ਜਿੰਨੀ ਮਨੁੱਖੀ ਜੀਵਨ ਜੀਊਣ ਲਈ ਪਾਣੀ ਦੀ। ਇਹੋ ਜਿਹੀ ਹਾਲਤ ਵਿੱਚ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨਾ ਪ੍ਰਸ਼ਾਸਨ ਦਾ ਮੁਢਲਾ ਫਰਜ਼ ਹੈ।

ਜਿਵੇਂ ਪੰਜਾਬ ਨਾਲ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਹੋਰ ਇਲਾਕੇ ਪੰਜਾਬ ਨੂੰ ਨਾ ਦੇ ਕੇ ਵਿਤਕਰਾ ਕੀਤਾ ਗਿਆ, ਇਵੇਂ ਹੀ ਰਿਪੇਰੀਅਨ ਕਾਨੂੰਨ ਤਹਿਤ ਸਤਲੁਜ, ਬਿਆਸ, ਅਤੇ ਰਾਵੀ ਦੇ ਪਾਣੀ ਦੀ ਮਾਲਕੀ ਪੰਜਾਬ ਦੀ ਹੋਣ ਦੇ ਬਾਵਜੂਦ ਵੀ, ਹਰਿਆਣਾ ਰਾਜਸਥਾਨ ਦੀ ਇਨ੍ਹਾਂ ਪਾਣੀਆਂ 'ਚ ਹਿੱਸੇਦਾਰੀ ਬਣਾ ਦਿੱਤੀ ਗਈ। ਆਖਰ ਕਿਉਂ? ਭਾਰਤੀ ਕਾਨੂੰਨ ਅਨੁਸਾਰ ਕੋਈ ਦਰਿਆ ਜਿਸ ਸੂਬੇ ਵਿਚੋਂ ਲੰਘਦੇ ਹਨ ਉਹੀ ਉਸਦੇ ਮਾਲਕਹ ਨ ਾਚ ੀਨਿ ਵਚੋਂਿ ਨਕਲਦੇਸ ਤਲੁਜ,ਿ ਬਆਸਅ ਤੇਰ ਾਵੀ ਦਰਿਆ ਹਿਮਾਚਲ ਵਿਚੋਂ ਲੰਘਦੇ, ਪੰਜਾਬ ਪੁੱਜਦੇ ਅੱਗੋਂ ਪਾਕਿਸਤਾਨ ਜਾਂਦੇ ਹਨ ਤਾਂ ਫਿਰ ਕੀ ਪੰਜਾਬ ਤੇ ਹਿਮਾਚਲ ਹੀ ਇਸਦੇ ਅਸਲ ਮਾਲਕ ਨਹੀਂ ਹਨ? ਭਾਵ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦਾ ਹਿਮਾਚਲ ਤੋਂ ਬਾਅਦ ਪੰਜਾਬ ਹੀ ਮਾਲਕ ਹੈ। ਪੰਜਾਬ ਦੇ ਪਾਣੀਆਂ ਉੱਤੇ ਪੰਜਾਬੀ ਸੂਬਾ ਬਨਣ ਵੇਲੇ ਧਿੰਗੋਜ਼ੋਰੀ ਹਰਿਆਣਾ ਦੀ ਪੰਜਾਬ ਦੇ 40 ਫੀਸਦੀ ਪਾਣੀਆਂ, ਡੈਮਾਂ ਅਤੇ ਬਿਜਲੀ ਉੱਤੇ ਮਾਲਕੀ ਬਣਾ ਦਿੱਤੀ ਗਈ ਅਤੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਦੀ ਸਰਕਾਰ ਵੇਲੇ 1976 ਵਿੱਚ 40 ਫੀਸਦੀ ਹਿਸਾ ਹਰਿਆਣਾ ਨੂੰ ਦੇ ਵੀ ਦਿੱਤਾ ਗਿਆ ਅਤੇ ਹੁਣ ਵੀ ਹਰਿਆਣਾ ਨੂੰ ਪਾਣੀਆਂ ਦੀ ਵੰਡ ਦੇ ਨਾਮ ਉੱਤੇ ਹੋਰ ਪਾਣੀ ਦੇਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਪੰਜਾਬ, ਪਾਣੀ ਦੇ ਮਾਮਲੇ 'ਚ ਮਾਲਕ ਹੁੰਦਿਆਂ ਵੀ ਬੇਖ਼ਬਰ ਲੁਟਿਆ ਜਾ ਰਿਹਾ ਹੈ।

ਬਖਸਿਸ ਕੀਤੀ ਸਤਿਗੁਰ ਨਾਨਕ, ਆਨੰਦ ਮੰਗਲ ਘਰ ਆਇਆ।
ਵਡੀ ਵਡਿਆਈ ਗੁਰ ਪੂਰੇ ਕੀ, ਆਪੇ ਮੇਲ ਮਿਲਾਇਆ।

# ਸ਼ੁੱਭ ਅਨੰਦ ਕਾਰਜ



ਬੀਬੀ ਪੂਰਨਿਮਾ ਸਪੁੱਤਰੀ ਪ੍ਰੋਫੈਸਰ (ਡਾ.) ਦਵਿੰਦਰ ਸਿੰਘ ਅਤੇ ਪ੍ਰੋਫੈਸਰ (ਡਾ.) ਲਖਵਿੰਦਰ ਜੀਤ ਕੌਰ ਅਤੇ ਪੜਪੋਤਰੀ ਸ. ਬਹਾਦੁਰ ਕੈਪਟਨ ਮਹਿਤਾਬ ਸਿੰਘ (OBI), ਪਿੰਡਸ਼ ਅਟੱਲਗੜ੍ਹ, ਤਹਿਸੀਲ-ਮੁਕੇਰੀਆਂ, ਜ਼ਿਲ੍ਹਾ-ਹੁਸ਼ਿਆਰਪੁਰ ਦਾ ਸ਼ੁਭ ਆਨੰਦ ਕਾਰਜ ਪੂਰਨ ਗੁਰਮਰਿਆਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੀਰਵਾਦ ਸਦਕਾ 21 ਫਰਵਰੀ 2016 ਨੂੰ ਰਾਇਲ ਕੈਸਲ (ਮੈਰਿਜ ਪੈਲਸ), ਮੁਕੇਰੀਆਂ ਵਿਖੇ ਇੰਜੀਨੀਅਰ ਕਰਨਦੀਪ ਸਿੰਘ ਘੋਤੜਾ ਸਪੁੱਤਰ ਸ. ਨਿਰਮਲ ਸਿੰਘ ਘੋਤੜਾ ਅਤੇ ਸਰਦਾਰਨੀ ਸੁਖਵਿੰਦਰ ਕੌਰ ਘੋਤੜਾ ਵਾਸੀ ਪੰਜਾਬੀ ਬਾਗ ਕਲੋਨੀ, ਜਲੰਧਰ ਨਾਲ ਸੰਪੰਨ ਹੋਇਆ। ਇਸ ਮੌਕੇ ਤੇ ਸੁਭਾਗ ਜੋੜੀ ਨੂੰ ਆਸ਼ੀਰਵਾਦ ਦੇਣ ਲਈ ਮੇਜਰ ਮੇਹਰ ਸਿੰਘ, ਜਸਟਿਸ ਬਖਸ਼ੀਸ਼ ਕੌਰ, ਕੈਪਟਨ ਜਸਵੰਤ ਸਿੰਘ, ਕਮਾਂਡਰ ਜੋਗਿੰਦਰ ਸਿੰਘ, ਕਰਨਲ ਰਾਜਿੰਦਰ ਸਿੰਘ ਬੱਲੀ, ਮੇਜਰ ਨਰਿੰਦਰ ਸਿੰਘ ਜੱਲੋ, ਸ. ਗੁਰਚਰਨ ਸਿੰਘ ਪ੍ਰਧਾਨ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਚੰਡੀਗੜ੍ਹ, ਕਰਨਲ (ਡਾ.) ਬਲਦੇਵ ਸਿੰਘ, ਕਰਨਲ ਕੁਲਵੰਤ ਸਿੰਘ, ਸ. ਸੁਰਜੀਤ ਸਿੰਘ ਭੱਟੀਆਂ ਜੱਟਾਂ, ਜਥੇਦਾਰ ਰਵਿੰਦਰ ਸਿੰਘ ਚੱਕ ਮੈਂਬਰ ਐਸ.ਜੀ.ਪੀ.ਸੀ., ਪ੍ਰਿੰਸੀਪਲ ਰਵਿੰਦਰ ਚੱਢਾ, ਪ੍ਰਿੰਸੀਪਲ ਗੁਰਦੀਪ ਸ਼ਰਮਾ, ਪ੍ਰਿੰਸੀਪਲ ਸੁਰਜੀਤ ਸਿੰਘ ਰੰਧਾਵਾ, ਪ੍ਰਿੰਸੀਪਲ ਸੋਹਨ ਲਾਲ, ਡਾ. ਨਰਿੰਦਰ ਗੁਪਤਾ, ਸ੍ਰੀ ਅਰੁਨੇਸ਼ ਸ਼ਾਕਰ ਸਾਬਕਾ ਮੰਤਰੀ ਪੰਜਾਬ ਅਤੇ ਹੋਰ ਸਾਰੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।

ਪਰਿਵਾਰ ਵਲੋਂ ਇਸ ਖੁਸ਼ੀ ਦੇ ਮੌਕੇ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨੂੰ 2100/- ਰੁਪਏ ਭੇਟਾ ਕੀਤੇ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ ਨੇ ਦੋਹਾਂ ਬੱਚਿਆਂ ਦੀ ਲੰਮੀ ਅਤੇ ਸਫਲ ਜ਼ਿੰਦਗੀ ਦੀ ਕਾਮਨਾ ਕਰਦੇ ਹੋਏ ਆਸ ਪ੍ਰਗਟ ਕੀਤੀ ਕਿ ਇਹ ਦੇਸ਼ ਅਤੇ ਕੌਮ ਦੀ ਸੇਵਾ ਕਰਦੇ ਹੋਏ ਦੋਹਾਂ ਪਰਿਵਾਰਾਂ ਦਾ ਨਾਮ ਹੋਰ ਵੀ ਉੱਚਾ ਕਰਨਗੇ।

(ਗੁਰਚਰਨ ਸਿੰਘ)

ਪ੍ਰਧਾਨ

# ਸ਼ੁੱਭ ਅਨੰਦ ਕਾਰਜ

ਬੀਬੀ ਰੁਪਿੰਦਰ ਕੌਰ ਸਪੁੱਤਰੀ ਸ. ਪਰਮਜੀਤ ਸਿੰਘ ਸਾਬਕਾ ਸਰਪੰਚ ਪਿੰਡ-ਪਿਪਲ ਮੰਗੋਲੀ, ਤਹਿਸੀਲ ਰਾਜਪੁਰਾ, ਜ਼ਿਲ੍ਹਾ-ਪਟਿਆਲਾ ਦਾ ਸ਼ੁੱਭ ਵਿਆਹ ਕਾਕਾ ਬਲਜਿੰਦਰ ਸਿੰਘ ਸਪੁੱਤਰ ਸ. ਹਰਵੰਤ ਸਿੰਘ, ਅੰਮ੍ਰਿਤ ਨਗਰ, ਪਟਿਆਲਾ ਨਾਲ 26-03-2016 ਨੂੰ ਹੋਇਆ। ਬਰਾਤ ਦਾ ਸਵਾਗਤ ਹਰਮਨ ਪੈਲੇਸ, ਪਿੰਡ-ਕਾਮੀਕਲਾਂ ਵਿਖੇ ਹੋਇਆ। ਅਨੰਦ ਕਾਰਜ ਪੂਰੀ ਗੁਰਮਰਿਆਦਾ ਅਨੁਸਾਰ ਸਿੰਘ ਸਭਾ ਗੁਰਦੁਆਰਾ ਸਾਹਿਬ, ਪਿੰਡ-ਪਿਪਲ ਮੰਗੋਲੀ ਵਿਖੇ ਹੋਇਆ। ਇਸ ਵਿਆਹ ਵਿਚ ਪਿੰਡ ਦੇ ਪੱਤਵੰਤੇ ਸੱਜਣ ਅਤੇ ਰਿਸ਼ਤੇਦਾਰ ਸ਼ਾਮਲ ਹੋਏ। ਸੁਭਾਗ ਜੌੜੀ ਨੂੰ ਅਸ਼ੀਰਵਾਦ ਦੇਣ ਵਾਸਤੇ ਸੂਬੇਦਾਰ ਹਰਜਿੰਦਰ ਸਿੰਘ ਸਰਪੰਚ, ਸੂਬੇਦਾਰ ਅਮਰੀਕ ਸਿੰਘ, ਸ. ਕੁਲਦੀਪ ਸਿੰਘ, ਸ. ਨਿਸ਼ਾਨ ਸਿੰਘ, ਸ. ਕੁਲਜੀਤ ਸਿੰਘ ਪ੍ਰਾਪਰਟੀ ਡੀਲਰ, ਸ. ਅਵਤਾਰ ਸਿੰਘ ਪੇਹਵਾ, ਸ. ਮਨਜੀਤ ਸਿੰਘ ਸਾਬਕਾ ਸਰਪੰਚ, ਸ. ਗੁਰਚਰਨ ਸਿੰਘ (ਜਰਮਨੀ), ਸ. ਗੁਰਦਿਆਲ ਸਿੰਘ, ਸ. ਰਣਜੀਤ ਸਿੰਘ ਪਿੰਡ-ਸਰਾਵਾਂ ਅਤੇ ਸ. ਗਿਆਨ ਸਿੰਘ ਮੁਲਤਾਨੀ, ਸੀਨੀਅਰ ਮੀਤ ਪ੍ਰਧਾਨ (ਹੈੱਡਕੁਆਰਟਰ) ਬ.ਮ.ਸ.ਲ. ਫਾਊਂਡੇਸ਼ਨ, ਚੰਡੀਗੜ੍ਹ ਸ਼ਾਮਲ ਹੋਏ।

ਇਸ ਖੁਸ਼ੀ ਦੇ ਮੌਕੇ ਤੇ ਸ. ਪਰਮਜੀਤ ਸਿੰਘ ਮੁਲਤਾਨੀ (ਲੜਕੀ ਦੇ ਪਿਤਾ) ਨੇ ਧਰਮ ਕਾਰਜ ਲਈ ਮਾਇਆ ਵਿਚੋਂ 1100/- (ਗਿਆਰਾਂ ਸੌ ਰੁਪਏ) ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਚੰਡੀਗੜ੍ਹ ਨੂੰ ਭੇਂਟ ਕੀਤੇ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਚੰਡੀਗੜ੍ਹ ਸੁਭਾਗ ਜੋੜੀ ਦੀ ਕਾਮਯਾਬੀ, ਗ੍ਰਹਿਸਤ ਜੀਵਨ ਅਤੇ ਖੁਸ਼ਹਾਲੀ ਦੀ ਕਾਮਨਾ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹੈ ਕਿ ਇਹ ਜੋੜੀ ਅਤੇ ਪਰਿਵਾਰ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ।

(ਗਿਆਨ ਸਿੰਘ ਮੁਲਤਾਨੀ)
ਸੀਨੀਅਰ ਮੀਤ ਪ੍ਰਧਾਨ, ਹੈੱਡਕੁਆਰਟਰ
ਬ.ਮ.ਸ.ਲ. ਫਾਊਂਡੇਸ਼ਨ, ਚੰਡੀਗੜ੍ਹ

# ਨਵੀਆਂ ਜਮਾਤਾਂ ਨਵੇਂ ਸੁਪਨੇ

ਪ੍ਰੋ. ਕੁਲਜੀਤ ਕੌਰ ਅਠਵਾਲ

ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਜ਼ਿੰਦਗੀ ਦਾ ਬਹੁਤ ਮਹੱਤਵਪੂਰਨ ਪੜਾਅ ਹੈ। ਸਾਲਾਨਾ ਪ੍ਰੀਖਿਆਵਾਂ ਖਤਮ ਹੋ ਚੁੱਕੀਆਂ ਹਨ, ਕੁਝ ਜਮਾਤਾਂ ਦੇ ਨਤੀਜੇ ਆ ਚੁੱਕੇ ਹਨ ਤੇ ਕੁਝ ਆਉਣ ਵਾਲੇ ਹਨ। ਬਹੁਤ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰ ਚੁੱਕੇ ਹਨ। ਉਨ੍ਹਾਂ ਅੰਦਰ ਇਕ ਚਾਅ, ਇਕ ਉਮੰਗ ਹੈ, ਨਵੀਆਂ-ਨਕੋਰ ਪੁਸਤਕਾਂ ਨੂੰ ਦੇਖ-ਦੇਖ ਕੇ ਖੁਸ਼ ਹੁੰਦੇ ਹਨ। ਉਨ੍ਹਾਂ ਦੇ ਖੁਸ਼ੀ ਭਰੇ ਪਲਾਂ ਲਈ ਉਨ੍ਹਾਂ ਨੂੰ ਮੁਬਾਰਕ। ਇਸ ਮੌਕੇ ਕੁਝ ਵਿਚਾਰ ਨਵੀਆਂ ਜਮਾਤਾਂ ਵਿਚ ਹੋਏ ਵਿਦਿਆਰਥੀਆਂ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ-

* ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰ ਚੁੱਕੇ ਬੱਚਿਆਂ ਨੂੰ ਪਿਛਲੇ ਵਰ੍ਹੇ ਦੀਆਂ ਆਪਣੀਆਂ ਕਮੀਆਂ ਨੂੰ ਪੂਰਾ ਕਰਨ ਉੱਪਰ ਜ਼ੋਰ ਦੇਣਾ ਚਾਹੀਦਾ ਹੈ। ਇਹ ਤਾਂ ਪਤਾ ਚੱਲ ਚੁੱਕਾ ਹੋਵੇਗਾ ਕਿ ਕਮੀ ਕਿਹੜੇ ਵਿਸ਼ੇ ਵਿਚ ਰਹੀ ਹੈ।
* ਆਪਣੇ ਤੋਂ ਅੱਗੇ ਨਿਕਲ ਚੁੱਕੇ ਵਿਦਿਆਰਥੀਆਂ ਦੀ ਪ੍ਰਤਿਭਾ ਤਾਂ ਵਿਦਿਆਰਥੀ ਪਛਾਣ ਚੁੱਕੇ ਹੋਣਗੇ। ਉਨ੍ਹਾਂ ਤੋਂ ਪ੍ਰੇਰਨਾ ਲਈ ਜਾ ਸਕਦੀ ਹੈ। ਉਨ੍ਹਾਂ ਦੀ ਸਫਲਤਾ ਦੇ ਰਾਜ਼ ਉਹ ਜਾਣ ਚੁੱਕੇ ਹੋਣਗੇ।
* ਜਿੰਨੇ ਚੰਗੇ ਨਤੀਜਿਆਂ ਦੀ ਆਸ ਕਿਸੇ ਵਿਦਿਆਰਥੀ ਨੇ ਕੀਤੀ ਹੈ, ਹੋ ਸਕਦਾ ਹੈ, ਉਸ ਤੋਂ ਕੁਝ ਘੱਟ ਹਾਸਲ ਹੋਇਆ ਹੋਵੇ ਪਰ ਨਿਰਾਸ਼ ਨਾ ਹੋ ਕੇ ਭਵਿੱਖ ਪ੍ਰਤੀ ਆਸਵੰਦ ਰਹੋ।
* ਸਮੇਂ ਦੀ ਕਦਰ, ਸਮੇਂ ਦੀ ਕੀਮਤ ਪਛਾਣ ਕੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਜਮਾਤਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਪਹਿਲੇ ਦਿਨ ਤੋਂ ਹੀ ਆਪਣਾ ਹੋਮ ਵਰਕ ਸਮੇਂ ਸਿਰ ਨਿਪਟਾਉਣ। ਅਧਿਆਪਕਾਂ ਦੁਆਰਾ ਜਮਾਤ ਵਿਚ ਕਰਵਾਏ ਗਏ ਹਰ ਪਾਠ ਨੂੰ ਸਿਲੇਬਸ ਨੂੰ ਧਿਆਨ ਨਾਲ ਸੁਣ ਕੇ ਸਮਝ ਕੇ ਹੀ ਆਪਣੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ।
* ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਆਪਣੀ ਕੋਈ ਸਮਾਂ ਸਾਰਣੀ ਨਿਸ਼ਚਿਤ ਕਰਨ। ਪੁਸਤਕਾਂ ਨਾਲ ਪਿਆਰ ਪਾ ਕੇ ਤੇ ਅਧਿਆਪਕ ਦੀ ਦੱਸੀ ਸੇਧ ਉੱਪਰ ਚੱਲ ਕੇ ਸੁਪਨੇ ਪੂਰੇ ਕੀਤੇ ਜਾ ਸਕਦੇ ਹਨ। ਸਮੇਂ ਦੀ ਨਬਜ਼ ਪਛਾਣੋ, ਕਹਿੰਦੇ ਨੇ ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ। ਸਮੇਂ ਸਿਰ ਤੁਰੇ ਮੁਸਾਫਿਰ ਸਮੇਂ ਸਿਰ ਆਪਣੀ ਮੰਜ਼ਿਲ 'ਤੇ ਪਹੁੰਚ ਜਾਂਦੇ ਹਨ।
* ਨਵੀਂ ਜਮਾਤ ਵਿਚ ਪ੍ਰਵੇਸ਼ ਕਰਕੇ ਜਿਹੜੇ ਵਿਸ਼ੇ ਵਧੇਰੇ ਪ੍ਰੈਕਟਿਸ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਵਧੇਰੇ ਸਮਾਂ ਦਿਓ। ਟਿਊਸ਼ਨ ਕਲਚਰ ਅੱਜ ਵਿੱਦਿਅਕ ਖੇਤਰ ਵਿਚ ਇਕ ਫੈਸ਼ਨ ਬਣ ਚੁੱਕਾ ਹੈ, ਜ਼ਰੂਰਤ ਮੁਤਾਬਿਕ ਇਸ ਦੇ ਅਨੁਸਾਰ ਵੀ ਚੱਲਿਆ ਜਾ ਸਕਦਾ ਹੈ।
* ਅਨੁਸ਼ਾਸਨ ਨੂੰ ਜੀਵਨ ਦਾ ਹਿੱਸਾ ਬਣਾਉਂਦੇ ਹੋਏ ਜਮਾਤ ਦੇ ਉਨ੍ਹਾਂ ਸਾਰੇ ਨਿਯਮਾਂ ਦਾ ਪਾਲਣ ਕਰੋ, ਜੋ ਸਕੂਲ ਅਥਾਰਟੀ ਨੇ ਨਿਸਚਿਤ ਕੀਤੇ ਹਨ। ਆਪਣੇ ਸਹਿਪਾਠੀਆਂ ਨਾਲ ਸਹਿਯੋਗ ਕਰਦੇ ਹੋਏ ਸਕੂਲ ਵਿਚ ਕੋਈ ਵੀ ਅਜਿਹੀ ਗ਼ਲਤੀ ਨਾ ਕਰੋ, ਜਿਸ ਲਈ ਕੋਈ ਸਖਤ ਸਜ਼ਾ ਸੁਣਾਈ ਜਾਵੇ ਜਾਂ ਮਾਪਿਆਂ ਨੂੰ ਉਲਾਂਭਾ ਸੁਣਨਾ ਪਵੇ।
* ਨਵੀਂ ਜਮਾਤ ਵਿਚ ਪ੍ਰਵੇਸ਼ ਕਰਕੇ ਮਾਪਿਆਂ ਅਤੇ ਅਧਿਆਪਕਾਂ ਦਾ ਕਿਹਾ ਮੰਨ ਕੇ ਆਪਣੀ ਸ਼ਖ਼ਸੀਅਤ ਵਿਚ ਆਦਰਸ਼ਕ ਵਿਦਿਆਰਥੀ ਵਾਲੇ ਗੁਣ ਪੈਦਾ ਕਰੋ। ਆਪਣਾ ਖੇਡਣ ਦਾ ਸਮਾਂ ਨਿਸ਼ਚਿਤ ਕਰੋ। ਕੰਪਿਊਟਰ, ਵੀਡੀਓ ਗੇਮ ਦੇ ਏਨੇ ਗੁਲਾਮ ਨਾ ਬਣੋ ਕਿ ਆਪਣੇ ਜ਼ਰੂਰੀ ਕੰਮ ਭੁੱਲ ਜਾਓ।
* ਹੌਲੀ-ਹੌਲੀ ਉਨ੍ਹਾਂ ਆਦਤਾਂ ਦਾ ਤਿਆਗ ਕਰੋ, ਜੋ ਤੁਹਾਡਾ ਸਮਾਂ ਅਤੇ ਸ਼ਕਤੀ ਨਸ਼ਟ ਕਰਦੇ ਹਨ।
* ਮਾਪਿਆਂ ਅਤੇ ਅਧਿਆਪਕਾਂ ਦੇ ਵੀ ਕੁਝ ਫਰਜ਼ ਬਣਦੇ ਹਨ ਕਿ ਉਹ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੰਦੇ ਹੋਏ ਪਿਛਲੇ ਵਰ੍ਹੇ ਦੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ। ਮਾਪੇ ਘਰੇਲੂ ਮਾਹੌਲ ਇਹੋ ਜਿਹਾ ਬਣਾਉਣ ਕਿ ਬੱਚਿਆਂ ਨੂੰ ਪੜ੍ਹਨ ਦੀ ਲਗਨ ਲਾਈ ਜਾ ਸਕੇ।
* ਅਧਿਆਪਕ ਦੀ ਭੂਮਿਕਾ ਮਾਪਿਆਂ ਤੋਂ ਵੀ ਵਧੇਰੇ ਹੈ, ਕਿਉਂ ਜੋ ਵਿਦਿਆਰਥੀ ਨੇ ਅਧਿਆਪਕ ਦੁਆਰਾ ਦਿੱਤੀ ਸੇਧ ਨੂੰ ਹੀ ਆਪਣਾ ਆਦਰਸ਼ ਸਮਝਣਾ ਹੈ। ਇਸ ਲਈ ਸਕੂਲ ਵਿਚ ਅਧਿਆਪਕ ਵਿਦਿਆਰਥੀ ਨਾਲ ਆਪਸੀ ਸਮਝ ਅਤੇ ਸਹਿਯੋਗ ਦਾ ਮਾਰਗ ਚੁਣਦੇ ਹੋਏ ਉਨ੍ਹਾਂ ਦੀ ਮਾਨਸਿਕ ਅਵਸਥਾ ਸਮਝ ਕੇ ਉਨ੍ਹਾਂ ਦੀ ਯੋਗ ਅਗਵਾਈ ਕਰਨ। ਡਰਾ-ਧਮਕਾ ਕੇ ਗਿਆਨ ਨਹੀਂ ਵੰਡਿਆ ਜਾ ਸਕਦਾ। ਵਿਦਿਆਰਥੀਆਂ ਦਾ ਚਾਅ ਅਤੇ ਉਤਸ਼ਾਹ ਵਧਾ ਕੇ ਉਨ੍ਹਾਂ ਦੀ ਲਿਖਾਈ ਤੇ ਹੋਰ ਅਭਿਆਸ ਵੱਲ ਧਿਆਨ ਦਿੱਤਾ ਜਾਵੇ।
* ਜਿਹੜੇ ਵਿਦਿਆਰਥੀ ਬਹੁਤ ਹੀ ਛੋਟੀ ਉਮਰ ਦੇ ਪਹਿਲੇ ਵਰ੍ਹੇ ਵਿਚ ਸਕੂਲ ਜਾ ਰਹੇ ਹਨ, ਉਨ੍ਹਾਂ ਪ੍ਰਤੀ ਅਧਿਆਪਕਾਂ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਉਨ੍ਹਾਂ ਲਈ ਜਮਾਤ ਦਾ ਮਾਹੌਲ ਅਜਿਹਾ ਹੋਵੇ ਕਿ ਉਹ ਚਾਈਂ-ਚਾਈਂ ਸਕੂਲ ਜਾਣ।

ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਹਰ ਵਿਦਿਆਰਥੀ ਤਰੱਕੀ ਅਤੇ ਗਿਆਨ ਦੀਆਂ ਪੌੜੀਆਂ ਚੜ੍ਹ ਸਕਦਾ ਹੈ। ਲੋੜ ਹੈ ਵਿਦਿਆਰਥੀਆਂ ਦੇ ਕੋਮਲ ਮਨਾਂ ਨੂੰ ਸਮਝ ਕੇ ਉਨ੍ਹਾਂ ਦੀ ਸਮਰੱਥਾ ਪਛਾਣ ਕੇ ਸਹੀ ਮਾਰਗ ਦਰਸ਼ਨ ਕੀਤਾ ਜਾਵੇ।

ਜੀਵਨ ਦੇ ਅਗਲੇ ਪੈਂਡੇ ਲਈ ਪ੍ਰੇਰਨਾ ਦਿੰਦੀ ਹਾਂ ਕਿ ਉਹ ਪਿਛਲੀਆਂ ਗ਼ਲਤੀਆਂ ਨੂੰ ਭੁੱਲ ਕੇ ਵਰਤਮਾਨ ਨੂੰ ਸਹੀ ਦਿਸ਼ਾ ਦੇ ਕੇ ਭਵਿੱਖ ਲਈ ਸਫਲ ਨੀਂਹ ਤਿਆਰ ਕਰਨ।

# ਸਾਦਗੀ ਵਿਚ ਹੀ ਤਾਜ਼ਗੀ ਹੈ

ਅਮਰਜੀਤ ਬਰਾੜ

**"ਸਲੀਕਾ ਅਤੇ ਸਾਦਗੀ ਸਮਾਜਿਕ ਸਫਲਤਾ ਦੀ ਕੁੰਜੀ ਹੈ। ਜੋ ਸੱਚਮੁੱਚ ਸੁੰਦਰ ਹੈ, ਉਸ ਨੂੰ ਇਸ ਦਾ ਵਿਖਾਵਾ ਕਰਨ ਦੀ ਲੋੜ ਨਹੀਂ ਅਤੇ ਜੋ ਵਿਖਾਵਾ ਕਰਦਾ ਹੈ, ਉਹ ਅਸਲ ਵਿਚ ਸੁੰਦਰ ਹੁੰਦਾ ਨਹੀਂ। ਸਾਦਗੀ ਤੋਂ ਭਾਵ ਸਸਤਾ ਨਹੀਂ, ਸਗੋਂ ਚੰਗਾ ਹੈ। ਲੋੜਾਂ ਤਾਂ ਆਸਾਨੀ ਨਾਲ ਪੂਰੀਆਂ ਹੋ ਸਕਦੀਆਂ ਹਨ ਪਰ ਇੱਛਾਵਾਂ ਕਦੇ ਪੂਰੀਆਂ ਨਹੀਂ ਹੁੰਦੀਆਂ। ਬਨਾਉਟੀ ਹਾਸੇ ਨਾਲੋਂ ਇਕ ਅਸਲੀ ਮੁਸਕਰਾਹਟ ਦਾ ਵੱਧ ਮੁੱਲ ਹੁੰਦਾ ਹੈ। ਆਪਣੇ-ਆਪ 'ਤੇ ਹੱਸਣਾ ਅਮੀਰੀ ਹੈ, ਦੂਜੇ ਦੀ ਗਰੀਬੀ 'ਤੇ ਹੱਸਣਾ ਸਭ ਤੋਂ ਵੱਡੀ ਗ਼ਰੀਬੀ ਹੈ।"**

ਸਾਦਗੀ ਇਕ ਗੁਣ ਵੀ ਹੈ ਅਤੇ ਗਹਿਣਾ ਵੀ। ਸਾਦਗੀ ਨਿਮਰਤਾ ਵੀ ਹੈ ਅਤੇ ਸਲੀਕਾ ਵੀ। ਸਾਦਗੀ ਸਾਡੀ ਸ਼ਖ਼ਸੀਅਤ ਦਾ ਸ਼ਿੰਗਾਰ ਹੈ। ਸੁੰਦਰਤਾ ਨੂੰ ਵਿਖਾਵਿਆਂ ਦੀ ਲੋੜ ਨਹੀਂ ਹੁੰਦੀ, ਕਿਉਂਕਿ ਕੁਦਰਤੀ ਸੁੰਦਰਤਾ ਇਕ ਅਜਿਹਾ ਗਹਿਣਾ ਹੈ ਕਿ ਮਹਿੰਗੇ ਤੋਂ ਮਹਿੰਗੇ ਗਹਿਣਿਆਂ ਦੀ ਚਮਕ ਵੀ ਇਸ ਸਾਹਮਣੇ ਫਿੱਕੀ ਹੈ। ਕਿਸੇ ਵਿਅਕਤੀ ਦੇ ਤੌਰ-ਤਰੀਕੇ, ਪਹਿਨਣ ਅਤੇ ਰਹਿਣ-ਸਹਿਣ ਤੋਂ ਵੀ ਉਸ ਦੇ ਚਰਿੱਤਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਦੁਨੀਆ ਦੇ ਮਹੱਤਵਪੂਰਨ ਵਿਅਕਤੀ, ਹੁਨਰਮੰਦ ਵਿਅਕਤੀ, ਕੁਦਰਤ ਨੂੰ ਪਿਆਰ ਕਰਨ ਵਾਲੇ ਰੂਹਾਨੀ ਵਿਅਕਤੀ ਅਕਸਰ ਸਾਦਗੀ ਪਸੰਦ ਹੁੰਦੇ ਹਨ। ਉਹ ਆਪਣੀ ਅਮੀਰੀ ਦਾ ਦਿਖਾਵਾ ਨਹੀਂ ਕਰਦੇ। ਸਾਦੀਆਂ ਆਦਤਾਂ ਮਹਿੰਗੀਆਂ ਨਹੀਂ ਹੁੰਦੀਆਂ ਅਤੇ ਮਹਿੰਗੀਆਂ ਆਦਤਾਂ ਸਾਦਾ ਨਹੀਂ ਹੁੰਦੀਆਂ।

ਦਿਖਾਵੇ ਕਾਰਨ ਸਾਡੇ ਰਸਮੋ-ਰਿਵਾਜ ਬਹੁਤ ਮਹਿੰਗੇ ਹੁੰਦੇ ਜਾ ਰਹੇ ਹਨ। ਅਸੀਂ ਉਸ ਦੌੜ ਵਿਚ ਸ਼ਾਮਿਲ ਹੋ ਗਏ ਹਾਂ, ਜਿਸ ਵਿਚ ਦੌੜਨ ਵਾਲੇ ਸਭ ਹਾਰਦੇ ਹਨ, ਕਿਉਂਕਿ ਇਸ ਦੌੜ ਦੀ ਕੋਈ ਮੰਜ਼ਿਲ ਨਹੀਂ ਹੈ। ਹਰ ਕੋਈ ਇਕ-ਦੂਜੇ ਨੂੰ ਠਿੱਬੀ ਮਾਰ ਕੇ ਡੇਗਣ ਦੀ ਕੋਸ਼ਿਸ਼ ਵਿਚ ਹੈ, ਹਰ ਕੋਈ ਦੂਜੇ ਤੋਂ ਅੱਗੇ ਲੰਘਣਾ ਚਾਹੁੰਦਾ ਹੈ। ਇਸ ਅੰਨ੍ਹੀ ਦੌੜ ਦਾ ਕੋਈ ਨਿਯਮ ਨਹੀਂ ਹੈ। ਅਨੁਸ਼ਾਸਨ ਤੋਂ ਬਗੈਰ ਤਾਂ ਸ਼ਕਤੀਸ਼ਾਲੀ ਕੌਮਾਂ ਵੀ ਢਹਿ-ਢੇਰੀ ਹੋ ਜਾਂਦੀਆਂ ਹਨ। ਸਹੀ ਅਰਥਾਂ ਵਿਚ ਸਾਦਗੀ ਵਿਚ ਹੀ ਜ਼ਿੰਦਗੀ ਦੀ ਤਾਜ਼ਗੀ ਹੈ।

ਸਾਦਗੀ ਦਾ ਸਬੰਧ ਸਿਰਫ ਸਾਡੇ ਪਹਿਰਾਵੇ ਨਾਲ ਹੀ ਨਹੀਂ ਹੁੰਦਾ, ਸਗੋਂ ਇਸ ਦਾ ਸਬੰਧ ਸਾਡੇ ਚਰਿੱਤਰ ਅਤੇ ਜੀਵਨ-ਸ਼ੈਲੀ ਨਾਲ ਵੀ ਹੁੰਦਾ ਹੈ। ਸਾਦਗੀ ਸਾਡੇ ਬੋਲਾਂ ਵਿਚੋਂ, ਆਦਤਾਂ ਵਿਚੋਂ, ਸ਼ਖ਼ਸੀਅਤ ਅਤੇ ਪਹਿਰਾਵੇ ਵਿਚੋਂ, ਘਰ-ਪਰਿਵਾਰ ਅਤੇ ਆਲੇ-ਦੁਆਲੇ ਵਿਚੋਂ ਵੀ ਨਜ਼ਰ ਆਉਂਦੀ ਹੈ। ਜੇਕਰ ਦੌੜ ਨਹੀਂ ਸਕਦੇ ਤਾਂ ਚੱਲਣ ਦੀ ਕੋਸ਼ਿਸ਼ ਕਰੋ ਪਰ ਰੁਕੋ ਨਾ। ਨੇਕੀ ਕਰਨ ਦੀ ਤਾਕਤ ਨੇਕੀ ਕਰਕੇ ਭੁੱਲ ਜਾਣ ਵਿਚ ਹੈ। ਜ਼ਿੰਦਗੀ ਦਾ ਅਸਲੀ ਸੁਹੱਪਣ ਸੋਹਣੇ ਕੰਮ ਕਰਨ ਵਿਚ ਹੈ। ਦੇਖਿਆ ਗਿਆ ਹੈ ਕਿ ਸਾਦਗੀ ਪਸੰਦ ਵਿਅਕਤੀ ਨਾ ਕੇਵਲ ਨਿਮਰ ਹੁੰਦੇ ਹਨ ਬਲਕਿ ਉਹ ਸਬਰ-ਸੰਤੋਖੀ ਵੀ ਹੁੰਦੇ ਹਨ। ਉਹ ਕਦੇ ਭਟਕਣਾ ਦਾ ਸ਼ਿਕਾਰ ਨਹੀਂ ਹੁੰਦੇ। ਉਹ ਖਾਣ-ਪੀਣ ਦੇ ਮਾਮਲੇ ਵਿਚ ਵੀ ਸਾਦੇ ਹੁੰਦੇ ਹਨ। ਸੰਜਮ ਖੁਸ਼ੀਆਂ ਦੀ ਮਾਂ ਹੈ। ਸੰਜਮ ਨਾਲ ਬੋਲਣਾ ਅਤੇ ਸੰਜਮ ਨਾਲ ਖਾਣਾ ਕਿਸੇ ਦਾ ਨੁਕਸਾਨ ਨਹੀਂ ਕਰਦੇ। ਸਵਰਗ ਅਤੇ ਨਰਕ ਬੰਦੇ ਦੇ ਅੰਦਰ ਹੁੰਦੇ ਹਨ, ਬਾਹਰ ਨਹੀਂ। ਜਿੰਨੀ ਕਿਸੇ ਵਿਅਕਤੀ ਦੀ ਸੋਚ ਉੱਚੀ ਹੁੰਦੀ ਹੈ, ਓਨਾ ਹੀ ਉਹ ਸਾਦਾ ਅਤੇ ਸਰਲ ਹੁੰਦਾ ਹੈ।

ਕਈ ਇਸ ਗੱਲ ਦੀ ਚਿੰਤਾ ਵਿਚ ਰਹਿੰਦੇ ਹਨ ਕਿ ਲੋਕ ਕੀ ਕਹਿਣਗੇ? ਜਿਨ੍ਹਾਂ ਨੂੰ ਆਪਣੇ-ਆਪ 'ਤੇ ਵਿਸ਼ਵਾਸ ਨਹੀਂ ਹੁੰਦਾ, ਜਿਹੜੇ ਆਪਣੇ-ਆਪ ਨਾਲ ਕਦੇ ਸੰਤੁਸ਼ਟ ਨਹੀਂ ਹੁੰਦੇ, ਉਹ ਬਹੁਤ ਸਾਰੇ ਕੀਮਤੀ ਗਹਿਣੇ ਅਤੇ ਕੀਮਤੀ ਕੱਪੜਿਆਂ ਵਿਚ ਵੀ ਆਪਣੇ-ਆਪ ਨੂੰ ਅਧੂਰੇ ਸਮਝਦੇ ਹਨ। ਇਹ ਵੀ ਸੱਚ ਹੈ ਕਿ ਉਹ ਹਮੇਸ਼ਾ ਦੂਜਿਆਂ ਦੀ ਨਕਲ ਕਰਨ ਵਿਚ ਰੁੱਝੇ ਰਹਿੰਦੇ ਹਨ। ਦੂਜੇ ਪਾਸੇ ਸਾਦਗੀ ਪਸੰਦ ਵਿਅਕਤੀ ਆਤਮ-ਵਿਸ਼ਵਾਸੀ ਹੁੰਦੇ ਹਨ। ਉਹ ਰੀਸ ਦੇ ਘੜੀਸ ਨਹੀਂ ਹੁੰਦੇ ਅਤੇ ਆਪਣੇ-ਆਪ ਨਾਲ ਸੰਤੁਸ਼ਟ ਹੁੰਦੇ ਹਨ। ਉਨ੍ਹਾਂ ਨੂੰ ਆਪਣੇ ਕੰਮਾਂ 'ਤੇ ਗੌਰਵ ਹੁੰਦਾ ਹੈ ਅਤੇ ਉਹ ਇਹ ਵੀ ਜਾਣਦੇ ਹਨ ਕਿ ਉਨ੍ਹਾਂ ਦਾ ਮਾਣ ਸੱਚਾ ਹੈ। ਕਈ ਸੁੰਦਰਤਾ ਮਗਰ ਦੌੜਦੇ ਹਨ ਅਤੇ ਕਈਆਂ ਦੇ ਮਗਰ ਸੁੰਦਰਤਾ ਦੌੜਦੀ ਹੈ। ਕਈ ਸ਼ੋਹਰਤਾਂ ਮਗਰ ਦੌੜਦੇ ਹਨ ਅਤੇ ਕਈਆਂ ਦੇ ਮਗਰ ਸ਼ੋਹਰਤ ਦੌੜਦੀ ਹੈ। ਕਈ ਅਹੁਦਿਆਂ ਮਗਰ ਦੌੜਦੇ ਹਨ ਅਤੇ ਕਈਆਂ ਦੇ ਮਗਰ ਅਹੁਦੇ ਦੌੜਦੇ ਹਨ। ਸੱਚ ਕਦੇ ਛੁਪਿਆ ਨਹੀਂ ਰਹਿੰਦਾ ਅਤੇ ਝੂਠ 'ਤੇ ਪਰਦੇ ਨਹੀਂ ਪਾਏ ਜਾ ਸਕਦੇ। ਸਲੀਕਾ ਅਤੇ ਸਾਦਗੀ ਸਮਾਜਿਕ ਸਫਲਤਾ ਦੀ ਕੁੰਜੀ ਹੈ। ਜੋ ਸੱਚਮੁੱਚ ਸੁੰਦਰ ਹੈ, ਉਸ ਨੂੰ ਇਸ ਦਾ ਵਿਖਾਵਾ ਕਰਨ ਦੀ ਲੋੜ ਨਹੀਂ ਅਤੇ ਜੋ ਵਿਖਾਵਾ ਕਰਦਾ ਹੈ, ਉਹ ਅਸਲ ਵਿਚ ਸੁੰਦਰ ਹੁੰਦਾ ਨਹੀਂ। ਸਾਦਗੀ ਤੋਂ ਭਾਵ ਸਸਤਾ ਨਹੀਂ, ਸਗੋਂ ਚੰਗਾ ਹੈ। ਲੋੜਾਂ ਤਾਂ ਆਸਾਨੀ ਨਾਲ ਪੂਰੀਆਂ ਹੋ ਸਕਦੀਆਂ ਹਨ ਪਰ ਇੱਛਾਵਾਂ ਕਦੇ ਪੂਰੀਆਂ ਨਹੀਂ ਹੁੰਦੀਆਂ। ਬਨਾਉਟੀ ਹਾਸੇ ਨਾਲੋਂ ਇਕ ਅਸਲੀ ਮੁਸਕਰਾਹਟ ਦਾ ਵੱਧ ਮੁੱਲ ਹੁੰਦਾ ਹੈ। ਆਪਣੇ-ਆਪ 'ਤੇ ਹੱਸਣਾ ਅਮੀਰੀ ਹੈ, ਦੂਜੇ ਦੀ ਗਰੀਬੀ 'ਤੇ ਹੱਸਣਾ ਸਭ ਤੋਂ ਵੱਡੀ ਗ਼ਰੀਬੀ ਹੈ।

**-ਪਿੰਡ ਗੋਲੇਵਾਲਾ, ਫਰੀਦਕੋਟ**

**ਮੋਬਾ : 94179-49079**

ਕਹਾਣੀ

# ਟੁਕੜੇ-ਟੁਕੜੇ ਹੋਈ ਸੋਚ

ਅਨਵੰਤ ਕੌਰ

ਸਾਈਕਲ ਦੀ ਘੰਟੀ ਵੱਜੀ। ਸ਼ੰਮੀ ਨੇ ਖਿੜਕੀ ਦੇ ਸ਼ੀਸ਼ੇ ਵਿੱਚੋਂ ਬਾਹਰ ਵੱਲ ਵੇਖਿਆ। ਗੇਟ ਤੇ ਡਾਕੀਆ ਖੜਾ ਸੀ। ਇਕ ਪੈਰ ਪੈਡਲ 'ਤੇ ਦੂਸਰਾ ਜ਼ਮੀਨ ਤੇ। ਸਾਈਕਲ ਦੀ ਟੋਕਰੀ ਵਿੱਚੋਂ ਕੁਝ ਚਿੱਠੀਆਂ ਛਾਂਟ ਕੇ ਉਸ ਨੇ ਚਪੜਾਸੀ ਨੂੰ ਫੜਾਈਆਂ। ਚਪੜਾਸੀ ਨੇ ਉਹ ਚਿੱਠੀਆਂ ਲਿਆ ਕੇ ਦਫ਼ਤਰ ਦੀ ਟੇਬਲ ਤੇ ਰੱਖ ਦਿੱਤੀਆਂ। ਸ਼ੰਮੀ ਨੇ ਹਰ ਚਿੱਠੀ 'ਤੇ ਇਕ ਸਰਸਰੀ ਜਹੀ ਨਜ਼ਰ ਮਾਰੀ। ਫਿਰ ਸਰਕਾਰੀ ਡਾਕ ਵੱਖ ਕਰ ਕੇ ਮੇਜ਼ ਦੀ ਦਰਾਜ਼ ਵਿੱਚ ਰੱਖ ਲਈ। ਇਕ ਚਿੱਠੀ ਉਸ ਦੇ ਨਾਂ ਸੀ। ਨਿਰੋਲ ਉਸ ਦੀ ਆਪਣੀ... ਉਸ ਦੇ ਸ਼ੀਲ ਦੀ। ਉਹ ਚਿੱਠੀ ਜਿਸ ਦੀ ਉਡੀਕ ਵਿੱਚ ਉਹ ਰੋਜ਼ ਡਾਕੀਏ ਦਾ ਰਾਹ ਵੇਖਦੀ ਰਹਿੰਦੀ ਸੀ ਪਰ ਇਹ ਆਉਂਦੀ ਮਹੀਨਿਆਂ ਬਾਅਦ ਸੀ। ਜਿਸ ਨੂੰ ਫੜਦਿਆਂ ਸ਼ੰਮੀਂ ਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਸੀ ਅਤੇ ਪੜ੍ਹਦਿਆਂ ਦਿਮਾਗ ਦਾ ਤਨਾਅ। ਫਿਰ ਵੀ ਉਸ ਚਿੱਠੀ ਦੀ ਸ਼ੰਮੀਂ ਨੂੰ ਹਰ ਰੋਜ਼ ਉਡੀਕ ਰਹਿੰਦੀ ਸੀ। ਕੁਝ ਦੇਰ ਉਹ ਬੰਦ ਲਿਫ਼ਾਫੇ ਨੂੰ ਨੀਝ ਲਾ ਕੇ ਵੇਖਦੀ ਰਹੀ।

-ਜਿਤਨੀ ਦੇਰ ਚਿੱਠੀ ਲਿਫ਼ਾਫੇ ਵਿੱਚ ਬੰਦ ਰਹਿੰਦੀ ਏ, ਉਤਨੀ ਦੇਰ ਇਕ ਰਹੱਸ ਬਣਿਆ ਰਹਿੰਦਾ ਹੈ। ਸੱਚਮੁੱਚ ਰਹੱਸਮਈ ਹੋਣਾ ਵੀ ਕਿਤਨਾ ਰੋਮਾਂਚਕ ਹੁੰਦੈ! ਕੁਝ ਵੀ ਨਵਾਂ ਤਾਜ਼ਾ ਜਾਣਨ ਦੀ ਉਤਸੁਕਤਾ। ਅਖ਼ਬਾਰ ਦੀ ਵੱਡੀ ਸੁਰਖ਼ੀ ਪੜ੍ਹਨ ਵਰਗੀ ਖਿੱਚ। ਸਮਾਚਾਰ ਬੁਲੇਟਿਨ ਦੀ ਪਹਿਲੀ ਖ਼ਬਰ ਸੁਣਨ ਜਹੀ ਤਾਂਘ। ਜੇ ਇਹ ਤਾਂਘ ਨਾ ਹੋਵੇ ਤਾਂ ਜੀਵਨ ਦਾ ਸਾਰਾ ਰਸ ਹੀ ਖ਼ਤਮ ਹੋ ਜਾਵੇ।

ਸ਼ੰਮੀਂ ਨੇ ਪਹਿਲਾਂ ਚਿੱਠੀ ਨੂੰ ਬੁਲ੍ਹਾਂ ਨਾਲ ਲਾਇਆ। ਫਿਰ ਪੇਪਰ ਕਟਰ ਦੀ ਸਹਾਇਤਾ ਨਾਲ ਬੜੇ ਆਰਾਮ ਨਾਲ ਲਿਫ਼ਾਫ਼ਾ ਖੋਲ੍ਹਿਆ। ਹਮੇਸ਼ਾਂ ਵਾਂਗ ਇਹ ਚਿੱਠੀ ਵੀ ਕਾਗ਼ਜ਼ ਦੇ ਇਕ ਪਾਸੇ ਲਿਖੀ ਹੋਈ ਸੀ। ਤਹਿ ਹੋਏ ਕਾਗ਼ਜ਼ ਤੋਂ ਹੀ ਸ਼ੰਮੀਂ ਨੇ ਅੰਦਾਜ਼ਾ ਲਾ ਲਿਆ ਕਿ ਅੰਦਰ ਕੇਵਲ ਅੱਧੇ ਕੁ ਸਫ਼ੇ ਦਾ ਮਜ਼ਮੂਨ ਹੀ ਹੈ। ਫੇਰ ਵੀ ਉਸ ਨੇ ਪੂਰੇ ਉਤਸ਼ਾਹ ਨਾਲ ਚਿੱਠੀ ਖੋਲ੍ਹੀ। ਲਿਖਿਆ ਸੀ:

-ਅਗਲੇ ਹਫ਼ਤੇ ਰਾਜੀਵ ਤੇਰੇ ਕੋਲ ਆ ਰਿਹਾ ਹੈ। ਕੋਸ਼ਿਸ਼ ਕਰਕੇ ਇਸ ਦੀ ਉਥੇ ਕਿੱਧਰੇ ਨੌਕਰੀ ਲੁਆ ਦੇ। ਇੱਥੇ ਭੈੜੀ ਸੋਹਬਤ ਵਿੱਚ ਪੈ ਕੇ ਵਿਗੜ ਗਿਐ। ਰੋਜ਼ ਕੋਈ ਨਾ ਕੋਈ ਮੁਸੀਬਤ ਖੜੀ ਕਰ ਛੱਡਦੈ। ਭੈਣ ਇਸ ਤੋਂ ਬਹੁਤ ਦੁਖੀ ਹੈ। ਭੈਣ ਦਾ ਸਾਡੇ ਬਗ਼ੈਰ ਕੌਣ ਏ? ਉਸ ਦੀ ਮਦਦ ਕਰਨਾ ਸਾਡਾ ਸਮਾਜਿਕ ਅਤੇ ਨੈਤਿਕ ਫ਼ਰਜ਼ ਬਣਦੈ। ਤੈਨੂੰ ਪਤਾ ਈ ਹੈ ਕਿ ਚੰਦਰ ਦੀ ਪੜ੍ਹਾਈ ਦਾ ਇਹ ਆਖ਼ਰੀ ਸਾਲ ਹੈ, ਉਸ ਦੇ ਇੰਜੀਨੀਅਰ ਬਣਦਿਆਂ ਹੀ ਸਾਡੀਆਂ ਜ਼ਿੰਮੇਵਾਰੀਆਂ ਘਟ ਜਾਣਗੀਆਂ। ਮਾਂ ਦੀ ਸਿਹਤ ਵੀ ਦਿਨ-ਬਦਿਨ ਹੋਰ ਖ਼ਰਾਬ ਹੁੰਦੀ ਪਈ ਹੈ। ਦੁਆਈਆਂ ਦਾ ਖ਼ਰਚ ਵਧ ਗਿਆ ਏ। ਹੋ ਸਕੇ ਤਾਂ ਐਤਕੀਂ ਕੁਝ ਪੈਸੇ ਵੱਧ ਭੇਜਣ ਦੀ ਖੇਚਲ ਕਰੀਂ।

ਬੜੇ ਪਿਆਰ ਨਾਲ, ਤੇਰਾ ਸ਼ੀਲ।

ਬੜੇ ਕੀ, ਥੋੜ੍ਹੇ ਪਿਆਰ ਵਾਲੀ ਵੀ ਇਸ ਵਿੱਚ ਕੋਈ ਗੱਲ ਨਹੀਂ ਸੀ। ਚਿੱਠੀ ਪੜ੍ਹ ਕੇ ਸ਼ੰਮੀਂ ਨੂੰ ਕੁਝ ਵੀ ਮਹਿਸੂਸ ਨਾ ਹੋਇਆ। ਇਹ ਚਿੱਠੀ ਉਸ ਨੂੰ ਸਵੇਰ ਦੇ ਤਾਜ਼ੇ ਅਖ਼ਬਾਰ ਦੀਆਂ ਬਹੀਆਂ ਖ਼ਬਰਾਂ ਜਹੀ ਲੱਗੀ, ਜਿਸ ਨੂੰ ਬੈਡ-ਟੀ ਵਾਂਗ ਰੁਟੀਨ ਵਿੱਚ ਪੜ੍ਹਨਾ ਇਕ ਅਮਲ ਜਿਹਾ ਬਣ ਗਿਐ। ਉਸ ਨੇ ਲਿਫ਼ਾਫ਼ੇ ਵਿੱਚ ਪਾ ਕੇ ਆਪਣੇ ਪਰਸ 'ਚ ਰੱਖ ਲਈ। ਫਿਰ ਸੋਚਣ ਲੱਗੀ,

-ਆਖ਼ਰ ਇਸ ਚਿੱਠੀ ਵਿੱਚ ਅਤੇ ਦਫ਼ਤਰ ਦੀ ਡਾਕ ਵਿੱਚ ਫ਼ਰਕ ਈ ਕੀ ਏ? ਇਹ ਚਿੱਠੀ ਵੀ ਉਸੇ ਡਾਕ ਨਾਲ ਦਰਾਜ਼ ਵਿੱਚ ਰੱਖੀ ਜਾ ਸਕਦੀ ਏ। ਸਗੋਂ ਉਸ ਤੋਂ ਵੀ ਹੇਠਾਂ, ਗ਼ੈਰ-ਜ਼ਰੂਰੀ ਡਾਕ ਵਿੱਚ। ਆਖ਼ਰ ਇਹ ਆਰਡਰ ਬੁੱਕ 'ਤੇ ਚੜ੍ਹਾਇਆ ਇਕ ਨੋਟ ਹੀ ਤਾਂ ਹੈ। ਦਫ਼ਤਰ ਵਾਲੇ ਤਾਂ ਮਹੀਨੇ ਦੀ 4500 ਰੁਪਏ ਤਨਖਾਹ ਦੇ ਕੇ ਆਰਡਰ ਕੱਢਦੇ ਨੇ, ਉਹ ਮੈਥੋਂ ਹਰ ਕੰਮ ਲੈ ਸਕਦੇ ਨੇ, ਪਰ ਇਹ ਸ਼ੀਲ ਮੇਰਾ ਪਤੀ, ਜਿਸ ਨੇ ਮੇਰੀ ਹਰ ਜ਼ਿੰਮੇਵਾਰੀ ਆਪਣੇ ਸਿਰ ਲਈ ਸੀ, ਮੇਰੇ ਕੋਲੋਂ ਇਤਨੀਆਂ ਆਸਾਂ ਕਿਉਂ ਰੱਖਦੈ? ਇਹ ਹਰ ਵਕਤ ਦਾ ਰੋਣਾ... ਉਫ਼, ਮੈਂ ਤਾਂ ਤੰਗ ਆ ਗਈ ਹਾਂ।

ਸ਼ੰਮੀਂ ਦੇ ਅੰਦਰੋਂ ਇਕ ਚੀਸ ਜਹੀ ਉਠੀ। ਉਸ ਨੇ ਆਪਣੇ ਹੀ ਹੋਠਾਂ ਨੂੰ ਆਪਣੇ ਦੰਦਾਂ ਨਾਲ ਦਬਾ ਲਿਆ, ਜਿਵੇਂ ਅੰਦਰੋਂ ਕੁਝ ਵੀ ਬਾਹਰ ਨਾ ਕੱਢਣਾ ਚਾਹੁੰਦੀ ਹੋਵੇ, ਜਿਵੇਂ ਸਹਿਣਾ ਔਰਤ ਹੋਣ ਦੀ ਇਕ ਸਜ਼ਾ ਹੋਵੇ, ਜਿਹੜੀ ਹਰ ਹਾਲਤ ਵਿੱਚ ਭੁਗਤਣੀ ਹੀ ਹੈ, ਇਕ ਸਰਾਪ ਨੂੰ ਭੋਗਣ ਜਹੀ ਬੇਵਸੀ, ਕਿਸੇ ਸੰਤਾਪ ਨੂੰ ਹੰਢਾਉਣ ਵਰਗੀ ਲਾਚਾਰੀ।

ਕੁਰਸੀ ਤੋਂ ਉਠ ਕੇ ਉਸ ਨੇ ਦਫ਼ਤਰ ਵਿੱਚ ਕਈ ਚੱਕਰ ਕੱਟੇ। ਫਿਰ ਚਪੜਾਸੀ ਨੂੰ ਦੱਸ ਕੇ ਉਪਰ ਆਪਣੇ ਕਮਰੇ ਵਿੱਚ ਆ ਗਈ। ਨੌਕਰਾਣੀ ਨੂੰ ਚਾਹ ਬਣਾਉਣ ਲਈ ਕਿਹਾ। ਆਪ ਬਾਮ ਦੀ ਸ਼ੀਸ਼ੀ ਢੂੰਡਣ ਲੱਗ ਪਈ। ਮੱਥੇ 'ਤੇ ਬਾਮ ਲਾ ਕੇ ਉਸ ਨੇ ਆਪਣੇ ਸਿਰ 'ਤੇ ਸਕਾਰਫ਼ ਘੁੱਟ ਕੇ ਬੰਨ੍ਹ ਲਿਆ। ਚਾਹ ਆ ਗਈ। ਚਾਹ ਵਿੱਚੋਂ ਨਿਕਲਦੀ ਗਰਮ-ਗਰਮ ਭਾਫ਼ ਉਸ ਦੀਆਂ ਨਜ਼ਰਾਂ ਸਾਹਮਣੇ ਕਈ ਸ਼ਕਲਾਂ ਵਿੱਚ ਬਦਲਦੀ ਗਈ। ਕਦੇ ਉਹ ਸ਼ੀਲ ਦਾ ਰੂਪ ਧਾਰ ਲੈਂਦੀ, ਕਦੇ ਉਸ ਦੀ ਆਪਣੀ ਮਾਂ ਦਾ। ਦੋਵੇਂ ਹੁਣ ਤੱਕ ਉਸ ਨੂੰ ਫ਼ਰਜ਼ਾਂ ਦਾ ਵਾਸਤਾ ਹੀ ਦਿੰਦੇ ਰਹੇ ਨੇ।

-ਇਹ ਮਨੁੱਖ ਨੂੰ ਹੋ ਕੀ ਗਿਐ? ਜਿਸ ਚੀਜ਼ ਦਾ ਉਸ ਦੇ ਆਪਣੇ ਅੰਦਰੋਂ ਦਵਾਲਾ ਨਿਕਲ ਜਾਂਦੈ, ਉਸੇ ਦੀ ਉਹ ਦੁਹਾਈ ਪਿੱਟਦੈ। ਕਾਸ਼! ਕਦੇ ਇਹ ਫ਼ਰਜ਼ ਸਮਝਾਣ ਦੀ ਥਾਂ ਫ਼ਰਜ਼ ਪਛਾਣਨਾ ਸਿਖ ਜਾਏ। ਹਰ ਕੋਈ ਸੋਚਦੈ, ਜੋ ਉਹ ਕਰ ਰਿਹਾ ਏ, ਉਹ ਠੀਕ ਏ, ਬਾਕੀ ਸਭ ਗ਼ਲਤ ਹੈ।-

-ਕੁਝ ਕਿਹੈ ਮੈਡਮ?...

ਬੂਹੇ ਵਿੱਚ ਹੈਰਾਨ ਖੜੀ ਨੌਕਰਾਣੀ ਦੀ ਸੁਆਲੀਆ ਸ਼ਕਲ ਵੱਲ ਉਸ ਨੇ ਉਸ ਤੋਂ ਵਧੇਰੇ ਹੈਰਾਨ ਹੋ ਕੇ ਵੇਖਿਆ ਤੇ ਬੋਲੀ,

-ਤੈਨੂੰ ਕਿਸ ਬੁਲਾਇਐ?- ਗ਼ਲਤ ਠੀਕ ਬਾਰੇ ਸੋਚਦੀ ਉਹ ਆਪ ਹੀ ਦੋਹਾਂ ਵਿਚਲਾ ਫ਼ਰਕ ਭੁੱਲ ਗਈ ਸੀ।-

–ਪਰ ਇੱਥੇ ਤੇ ਹੋਰ ਕੋਈ ਵੀ ਨਹੀਂ। ਫਿਰ ਤੁਸੀਂ ਕਿਸ ਨਾਲ ਗੱਲਾਂ ਪਏ ਕਰਦੇ ਹੋ?

–ਅੱਛਾ ਤੇਰੀ ਕਸਰ ਰਹਿ ਗਈ ਸੀ। ਹੁਣ ਮੈਨੂੰ ਨੌਕਰਾਂ ਅੱਗੇ ਵੀ ਜੁਆਬ ਦੇਹ ਹੋਣਾ ਪਵੇਗਾ?– ਉਹ ਜ਼ੋਰ ਦੀ ਚੀਕੀ।

ਨੌਕਰਾਣੀ ਕੁੱਝ ਨਾ ਸਮਝਦੀ ਹੋਈ ਵੀ ਬੇ-ਲੋੜੀ, ਬੇ-ਕਸੂਰੀ ਝਿੜਕ ਨੂੰ ਸਮਝ ਕੇ ਰੋਣ ਹਾਕੀ ਜਹੀ ਹੋ ਗਈ। ਰੁਆਂਸਿਆ ਮੂੰਹ ਲੈ ਕੇ ਰਸੋਈ ਵੱਲ ਮੁੜੀ ਤਾਂ ਸ਼ੰਮੀਂ ਸਾਰੀ ਤਰਸ-ਤਰਸ ਹੋ ਗਈ। ਉਸ ਨੂੰ ਆਵਾਜ਼ ਦੇ ਕੇ ਕਹਿਣ ਲੱਗੀ,

–ਸੁਣ ! ਅੱਜ ਦੁੱਧ ਵਿੱਚ ਸੇਵੀਆਂ ਪਾ ਦੇ। ਦੁੱਧ ਪੀਣ ਨੂੰ ਦਿਲ ਨਹੀਂ ਕਰ ਰਿਹਾ।– ਫੇਰ ਜ਼ਰਾ ਕੁ ਰੁੱਕ ਕੇ ਬੋਲੀ,

–ਹਾਂ ਸੱਚੀਂ ਬਰਾਂਡੇ ਵਿੱਚ ਠੰਢ ਲੱਗਦੀ ਹੋਵੇਗੀ ਤੈਨੂੰ? ਤੂੰ ਆਪਣਾ ਮੰਜਾ ਵੀ ਕਮਰੇ ਅੰਦਰ ਉਸ ਨੁਕਰੇ ਵਿਛਾ ਲੈ। ਸਵੇਰੇ ਚਪੜਾਸੀ ਨੂੰ ਕਹਿ ਕੇ ਵਰਾਂਡੇ ਵਿੱਚ ਚਿਕਾਂ ਲੁਆ ਦਿਆਂਗੀ।–

ਨੌਕਰਾਣੀ ਨੇ ਸਿਰ ਹਿਲਾ ਦਿੱਤਾ, ਪਰ ਮੂੰਹੋਂ ਕੁਝ ਨਾ ਬੋਲੀ। ਸ਼ੰਮੀਂ ਫਿਰ ਖਿਝ ਉਠੀ,

–ਕੁਝ ਮੂੰਹੋਂ ਵੀ ਫੁੱਟ ਪਿਆ ਕਰ। ਜ਼ਰਾ ਕੁ ਮਾਲਕ ਨੇ ਕੁਝ ਕਹਿ ਦਿੱਤਾ, ਮੂੰਹ ਲਟਕਾ ਲਿਐ। ਵੱਡਿਆਂ ਘਰਾਂ ਵਿੱਚ ਰਹਿਣ ਦਾ ਸਲੀਕਾ ਸਿਖੀਦੈ–।

–ਚੰਗਾ ਜੀ।– ਨੌਕਰਾਣੀ ਨੇ ਕਿਹਾ 'ਤੇ ਰਸੋਈ ਵੱਲ ਤੁਰ ਪਈ।

ਸ਼ੰਮੀਂ ਨੇ ਮਹਿਸੂਸ ਕੀਤਾ, ਨੌਕਰਾਣੀ ਦੀ ਆਵਾਜ਼ ਵਿੱਚ ਸ਼ਬਦਾਂ ਨਾਲੋਂ ਅੱਥਰੂਆਂ ਦਾ ਭਾਰ ਜ਼ਿਆਦਾ ਹੈ। ਉਸ ਆਪਣੇ ਆਪ ਨੂੰ ਫਿਟਕਾਰ ਪਾਈ,

–ਸ਼ੀਲ ਦਾ ਗੁੱਸਾ ਮੈਂ ਇਸ ਨੂੰ ਸਭ ਕੁਝ ਕਹਿ ਸਕਦੀ ਹਾਂ। –ਪਰ ਸ਼ੀਲ ਨੂੰ ਕੁਝ ਨਹੀਂ। ਨਹੀਂ ਮੈਂ ਇਤਨੀ ਕਮਜ਼ੋਰ ਨਹੀਂ। ਮੈਂ ਐਤਕੀਂ ਸ਼ੀਲ ਦੀ ਚਿੱਠੀ ਦਾ ਜੁਆਬ ਤੱਕ ਨਹੀਂ ਦੇਣਾ। ਔਰਤ ਦੇ ਕਮਾਊ ਹੋਣ ਦਾ ਅਰਥ ਕੁਰਬਾਨੀ ਦਾ ਬੱਕਰਾ ਹੋਣਾ ਤੇ ਨਹੀਂ ਹੁੰਦੈ।

–ਅਖੇ ਰਾਜੀਵ ਨੂੰ ਕਿੱਧਰੇ ਲੁਆ ਦੇ। ਜਿਵੇਂ ਮੈਂ ਇੱਥੇ ਰੁਜ਼ਗਾਰ ਦਫ਼ਤਰ ਖੋਲ੍ਹਿਆ ਹੋਇਐ।– ਐਤਕੀਂ ਉਚੀ ਬੋਲ ਕੇ ਕਹੇ ਆਪਣੇ ਹੀ ਸ਼ਬਦ ਉਸ ਨੂੰ ਆਪ ਬੜੇ ਅਖਰੇ।

–ਹੈਂ ! ਮੈਂ ਪਾਗਲ ਹੋ ਗਈ ਹਾਂ। ਇਹ ਮੈਂ ਕਿਸ ਨੂੰ ਸੁਣਾ ਰਹੀ ਹਾਂ? ਇਨ੍ਹਾਂ ਬੇਜਾਨ ਕੰਧਾਂ ਨੂੰ। ਸ਼ੀਲ ਨੂੰ ਮੈਂ ਕੁਝ ਕਹਿ ਨਹੀਂ ਸਕਦੀ। ਚਿੱਠੀ ਵਿੱਚ ਕੁਝ ਲਿਖ ਨਹੀਂ ਸਕਦੀ। ਮੇਰੇ ਕਿਤਨੇ ਰੂਪ ਨੇ? ਇਕ ਸ਼ੀਲ ਦੀ ਜੀ-ਹਜ਼ੂਰੀ ਵਜਾਂਦੈ। ਦੂਜਾ ਆਪਣੇ ਆਪ ਵਿੱਚ ਕੁੜ੍ਹਦਾ ਰਹਿੰਦੈ ਅਤੇ ਕਦੇ ਬੇ-ਮਤਲਬ ਨੌਕਰਾਂ 'ਤੇ ਵਰ੍ਹਦੈ। ਮੈਂ ਇਸ ਦਫ਼ਤਰ ਦੀ ਪ੍ਰਬੰਧਕ ਸ਼ੀਲ ਦੇ ਸਾਹਮਣੇ ਭਿੱਜੀ ਬਿੱਲੀ ਬਣ ਜਾਂਦੀ ਹਾਂ। ਮੇਰਾ ਵਿਅਕਤੀਤਵ, ਮੇਰਾ ਆਤਮ ਵਿਸ਼ਵਾਸ, ਮੇਰੀ ਅਫ਼ਸਰੀ, ਮੇਰਾ ਸਵੈ-ਮਾਨ, ਮੇਰੀ ਹੋਂਦ, ਮੇਰੀ ਪਛਾਣ ਕਿੱਥੇ ਗੁਆਚ ਜਾਂਦੀ ਏ? ਸੈਕਸ਼ਨ ਆਫ਼ੀਸਰ ਸ਼ਮਿੰਦਰ ਇੱਕ ਦੱਬੀ ਕੁਚਲੀ ਪ੍ਰੰਪਰਾ ਨਿਭਾਉਂਦੀ ਪਤਨੀ ਹੀ ਰਹਿ ਜਾਂਦੀ ਏ।

ਸੋਚਾਂ ਟੁਕੜੇ-ਟੁਕੜੇ ਹੋ ਕੇ ਉਸ ਦੇ ਅੱਗੇ ਪਿੱਛੇ ਖਿੰਡ ਗਈਆਂ ਹਨ। ਸੋਚਾਂ ਵਿੱਚ ਗੁਆਚਿਆਂ ਉਸ ਨੇ ਰੋਟੀ ਖਾਧੀ। ਉਸ ਦੇ ਹੁਕਮ ਦਾ ਪਾਲਣ ਕਰਦੀ ਨੌਕਰਾਣੀ ਕਦੋਂ ਆਪਣਾ ਮੰਜਾ ਉਸ ਦੇ ਕਮਰੇ ਵਿੱਚ ਵਿਛਾ ਗਈ, ਉਸ ਨੂੰ ਕੁਝ ਵੀ ਪਤਾ ਨਾ ਲੱਗਿਆ। ਹੁਣ ਉਹ ਚੁੱਪ-ਚਾਪ ਸ਼ੰਮੀਂ ਦੇ ਸਾਹਮਣੇ ਖੜੀ ਸੀ। ਉਸ ਵੱਲ ਵੇਖ ਕੇ ਸ਼ੰਮੀਂ ਨੂੰ ਬੇਹੱਦ ਪਿਆਰ ਉਮੱਡ ਆਇਆ।

–ਆ, ਇੱਥੇ ਬੈਠ ਜਾ ਮੇਰੇ ਕੋਲ।– ਨੌਕਰਾਣੀ ਨੂੰ ਆਪਣੇ ਕੰਨਾਂ 'ਤੇ ਇਤਬਾਰ ਨਾ ਆਇਆ। ਫਿਰ ਵੀ ਡਰੀ ਸਹਿਮੀ ਮੰਜੇ ਦੀ ਨੁਕਰੇ ਬੈਠ ਗਈ। ਉਸ ਦੇ ਮੈਲੇ ਕੱਪੜਿਆਂ ਦੀ ਪ੍ਰਵਾਹ ਕੀਤੇ ਬਗ਼ੈਰ ਉਸ ਦੇ ਮੋਢੇ 'ਤੇ ਹੱਥ ਧਰ ਕੇ ਸ਼ੰਮੀਂ ਬੋਲੀ,

–ਵੇਖ ਬੀਬੀ ! ਨੌਕਰਾਂ ਨੂੰ ਮਾਲਕ ਦਾ ਸੁਭਾਅ ਸਮਝਣਾ ਚਾਹੀਦੈ। ਇੱਥੇ ਤਾਂ ਮੈਂ ਇਕੱਲੀ ਹਾਂ, ਜੇ ਤੂੰ ਕਿਸੇ ਟੱਬਰ ਵਾਲੇ ਘਰ ਹੋਵੇਂ ਤਾਂ ਇੰਜ ਮੂੰਹ ਲਟਕਾਇਆਂ ਤੇਰੀ ਇਕ ਮਿੰਟ ਨਾ ਗੁਜ਼ਰ ਹੋਵੇ। ਨੌਕਰ ਨੂੰ ਜੀਅ-ਜੀਅ ਦੇ ਢਿੱਡ ਵਿੱਚ ਵੜਨਾ ਹੁੰਦੈ। ਹਰ ਕੋਈ ਗੱਲ-ਗੱਲ 'ਤੇ ਝਿੜਕ ਛੱਡਦੈ, ਸਭ ਸਹਿਣਾ ਪੈਂਦੈ।

ਨੌਕਰਾਣੀ ਬਿੱਟ-ਬਿੱਟ ਉਸ ਦੇ ਮੂੰਹ ਵੱਲ ਵੇਖ ਰਹੀ ਸੀ। ਮੈਡਮ ਦਾ ਅੱਜ ਦਾ ਵਤੀਰਾ ਉਸ ਦੀ ਸਮਝ ਤੋਂ ਬਾਹਰ ਸੀ। ਉਸ ਨੂੰ ਹੈਰਾਨ ਵੇਖ ਸ਼ੰਮੀਂ ਨੂੰ ਲੱਗਿਐ, ਉਹ ਨੌਕਰਾਣੀ ਨੂੰ ਘੱਟ ਸਮਝਾ ਰਹੀ ਏ, ਬਹੁਤਾ ਆਪਣੇ ਆਪ ਨੂੰ ਪਰਚਾਂਦੀ ਪਈ ਏ। ਨੌਕਰਾਣੀ ਦੀਆਂ ਅੱਖਾਂ ਵਿਚਲੇ ਅਣਡੁੱਲ੍ਹੇ ਅੱਥਰੂ ਉਸ ਦੀਆਂ ਆਪਣੀਆਂ ਅੱਖਾਂ ਵਿੱਚ ਵੀ ਭਰਨ ਲੱਗੇ।

ਮੈਂ ਕਿਤਨੀ ਬੇਵਕੂਫ਼ ਹਾਂ। ਮੈਨੂੰ ਮਾਫ਼ ਕਰ ਦੇ ਮੇਰੀ ਬੀਬੀ ਭੈਣ।

ਇਹ ਲਫ਼ਜ਼ ਸ਼ੰਮੀਂ ਨੇ ਆਪਣੇ ਦਿਲ ਵਿੱਚ ਹੀ ਕਹੇ। ਨੌਕਰਾਣੀ ਨੂੰ ਕਹਿ ਕੇ ਉਹ ਆਪਣੀ ਅਫ਼ਸਰੀ ਦੀ ਹੇਠੀ ਕਿਵੇਂ ਕਰ ਸਕਦੀ ਸੀ? ਸ਼ੰਮੀਂ ਨੇ ਉਸ ਨੂੰ ਪੁੱਛਿਆ,

ਚੌਂਕੀਦਾਰ ਆ ਗਿਐ? ਉਪਰਲਾ ਦਰਵਾਜ਼ਾ ਬੰਦ ਕਰ ਦਿੱਤੈ?

ਜੀ

ਅੱਛਾ। ਬਹਿ ਜਾ ਮੇਰੇ ਕੋਲ ਤੇ ਪੋਲਾ -ਪੋਲਾ ਸਿਰ ਦਬਾ। ਅੱਜ ਤੇ ਲਗਦੈ ਸਿਰ ਫਟਣ ਲਗੈ।

ਕੁਝ ਦੇਰ ਖ਼ਾਮੋਸ਼ੀ ਰਹੀ। ਸ਼ੰਮੀਂ ਨੂੰ ਆਪਣਾ ਦਮ ਘੁਟਦਾ ਮਹਿਸੂਸ ਹੋਇਆ।

ਕਿਤਨੇ ਸਾਲ ਹੋ ਗਏ ਨੇ, ਤੈਨੂੰ ਨੌਕਰੀ ਕਰਦਿਆਂ?

ਜਦੋਂ ਤੋਂ ਹੋਸ਼ ਸੰਭਾਲੀ ਏ।

ਇੰਜ ਹੀ ਘਰ ਤੋਂ ਦੂਰ ਹੀ ਰਹਿੰਦੀ ਏਂ?

ਜੀ,

ਘਰ ਦੀ ਯਾਦ ਨਹੀਂ ਆਂਦੀ?

ਘਰ ਹੋਵੇ ਤਾਂ ਯਾਦ ਆਵੇ। ਨੌਕਰਾਣੀ ਦੀ ਆਵਾਜ਼ ਦਾ ਦਰਦ ਸ਼ੰਮੀਂ ਦੇ ਧੁਰ ਅੰਦਰ ਤੱਕ ਲਹਿ ਗਿਆ।

ਹੈਂ? ਕੀ ਪਈ ਕਹਿੰਨੀ ਏਂ? ਤੂੰ ਤੇ ਦੱਸਿਆ ਸੀ, ਤੇਰੇ ਮਾਂ ਪਿਓ, ਭੈਣਾਂ ਭਰਾ ਵੱਡਾ ਟੱਬਰ ਏ।

ਹਾਂ, ਪਰ ਸਿਰਫ਼ ਮੇਰੀ ਕਮਾਈ ਦੇ ਰਿਸ਼ਤੇਦਾਰ ਨੇ, ਮੇਰੇ ਨਹੀਂ, ਮੇਰੀ ਫ਼ਿਕਰ ਕਿਸ ਨੂੰ ਏ? ਅੱਜ ਕੰਮ ਛੱਡ ਦਿਆਂ। ਕੋਈ ਘਰ ਵੀ ਨਾ ਵੜਨ ਦੇਵੇ। ਦੱਸੋ, ਉਸ ਘਰ ਨੂੰ ਆਪਣਾ ਕਿੰਜ ਕਹਾਂ?

ਸ਼ੰਮੀਂ ਕੋਲ ਕੋਈ ਜੁਆਬ ਨਹੀਂ। ਉਹ ਹੈਰਾਨ ਏ, ਉਸ ਦੀ ਕਹਾਣੀ,

ਹਰ ਔਰਤ ਦੀ ਕਹਾਣੀ ਏ। ਘਰ-ਘਰ ਦੀ ਕਹਾਣੀ ਏ। ਨੌਕਰਾਣੀ ਦੱਸੀ ਜਾ ਰਹੀ ਏ,

ਮਾਂ ਕੰਮ ਵੀ ਕਰਦੀ ਏ ਤੇ ਬਾਪੂ ਦੀ ਮਾਰ ਵੀ ਖਾਂਦੀ ਏ... ਮੈਨੂੰ ਤਾਂ ਬਾਪੂ ਦੇ ਹੱਥ ਫੜੀ ਦਾਰੂ ਦੀ ਬੋਤਲ ਯਾਦ ਏ ਜਾਂ ਫਿਰ ਉਸ ਦੇ ਮੂੰਹ ਵਿੱਚੋਂ ਮੀਂਹ ਵਾਂਗ ਕਿਰਦੀਆਂ ਗਾਲ੍ਹਾਂ

ਤੇ ਮਾਂ? ਸ਼ੰਮੀਂ ਉਸ ਦੇ ਗਮ ਵਿੱਚ ਪੂਰੀ ਡੁੱਬ ਗਈ ਸੀ।

ਮਾਂ? ਉਹ ਮਾਂ ਕਦੋਂ ਹੈ? ਉਹ ਤੇ ਇਕ ਬੇਵਸ, ਬੇ-ਆਬਰੂ ਔਰਤ ਹੈ, ਜਿਹੜੀ ਉਸ ਆਦਮੀ ਲਈ ਬੱਚੇ ਜੰਮਦੀ ਵੀ ਰਹੀ ਅਤੇ ਪਾਲਦੀ ਵੀ ਰਹੀ, ਜਿਹੜਾ ਦਾਰੂ ਅਤੇ ਰੋਟੀ ਲਈ ਖੁਦ ਉਸ ਦਾ ਮੁਥਾਜ ਹੈ।

ਓ ਵੈਰੀ ਬੈਡ- ਸ਼ੰਮੀ ਨੂੰ ਹੋਰ ਕੁਝ ਨਾ ਸੁਝਿਆ। ਕੁਝ ਰੁੱਕ ਕੇ ਉਸ ਨੇ ਫਿਰ ਪੁੱਛਿਆ,

ਤੂੰ ਸਭ ਤੋਂ ਵੱਡੀ ਏਂ?

ਨਹੀਂ, ਮੈਥੋਂ ਵੱਡਾ ਇਕ ਭਰਾ ਸੀ।

ਸੀ? ਸੀ ਤੋਂ ਕੀ ਮਤਲਬ? ਸ਼ੰਮੀ ਦੀ ਆਵਾਜ਼ ਵਿੱਚ ਇਕ ਅਣਜਾਣਿਆ ਜਿਹਾ ਡਰ ਸੀ।

ਬਾਪੂ ਦੀ ਮਾਰ ਤੋਂ ਡਰਦਾ, ਘਰੋਂ ਭੱਜ ਗਿਆ। ਮੁੰਡਾ ਸੀ ਨਾ। ਕੁੜੀਆਂ ਵਿਚਾਰੀਆਂ ਤਾਂ ਘਰੋਂ ਭੱਜ ਵੀ ਨਹੀਂ ਸਕਦੀਆਂ। ਨੌਕਰਾਣੀਆਂ ਦੀ ਬੇਵਸੀ ਬੋਲ ਰਹੀ ਸੀ।

ਥੈਂਕ ਗਾਡ- ਸ਼ੰਮੀ ਨੇ ਸੁੱਖ ਦਾ ਸਾਹ ਲਿਆ, ਆਪ ਕਿਆਸੇ ਡਰ ਤੋਂ ਮੁਕਤ ਹੋਣ ਲਈ

ਕੀ?

ਕੁਝ ਨਹੀਂ। ਹੁਣ ਕਿੱਥੇ ਏ ਉਹ?

ਸੁਣਿਆ ਸੀ ਪਹਿਲੇ ਜੇਬਾਂ ਕੱਟਦਾ ਸੀ। ਇਕ ਵਾਰ ਫੜਿਆ ਵੀ ਗਿਆ ਸੀ... ਅੱਜ ਕੱਲ੍ਹ ਮੁੰਡਿਆਂ ਦੇ ਕਾਲਜ ਪੁੜੀਆਂ ਵਿੱਚ ਕੋਈ ਨਸ਼ਾ ਵੇਚਦੈ।

ਹੈਂ? ਸ਼ੰਮੀਂ ਇਕ ਦਮ ਉਠ ਕੇ ਬੈਠ ਗਈ।

ਨੀ ਕਿੱਥੇ? ਕਿੱਥੇ ਵੇਚਦੈ? ਕਿਹੜਾ ਕਾਲਜ? ਉਸ ਨੇ ਨੌਕਰਾਣੀ ਦੀ ਬਾਂਹ ਫੜ ਕੇ ਝੰਜੋੜ ਸੁੱਟੀ।

ਨੌਕਰਾਣੀ ਇਕ ਦਮ ਬੌਂਦਲ ਜਹੀ ਗਈ, ਮੈਨੂੰ ਪੱਕਾ ਪਤਾ ਨਹੀਂ। ਸ਼ਾਇਦ ਡੇਹਰਾਦੂਨ।

ਪਰ, ਉਹ ਤੇ ਪਟਿਆਲੇ ਪੜ੍ਹਦਾ ਸੀ।

ਕੌਣ? ਡਰੀ ਸਹਿਮੀ ਨੌਕਰਾਣੀ ਨੇ ਪੁੱਛਿਆ।

ਮੇਰਾ ਛੋਟਾ ਭਰਾ। ਇਹ ਜਿਹੜਾ ਨਸ਼ਾ ਤੇਰਾ ਭਰਾ ਵੇਚਦੈ, ਇਸ ਨੇ ਮੇਰੇ ਭਰਾ ਦੀ ਜਾਨ ਲਈ ਏ। ਇਹ ਨਸ਼ਾ ਨਹੀਂ, ਜ਼ਹਿਰ। ਤੇ ਇਸ ਨੂੰ ਵੇਚਣਾ ਕਤਲ ਕਰਨ ਵਰਗਾ ਜੁਰਮ ਏ। ਇਹ ਵੇਚਣ ਵਾਲੇ ਮੇਰੇ ਸਾਹਮਣੇ ਆਣ ਤਾਂ ਮੈਂ ਸਾਰਿਆਂ ਨੂੰ ਗੋਲੀ ਮਾਰ ਦਿਆਂ।

ਨੌਕਰਾਣੀ ਥਰ-ਥਰ ਕੰਬਣ ਲੱਗ ਪਈ।

ਸੌਂਹ ਰੱਬ ਦੀ , ਮੈਨੂੰ ਕੁਝ ਨਹੀਂ ਪਤਾ। ਮੈਂ ਤੇ ਜੋ ਸੁਣਿਐ, ਤੁਹਾਨੂੰ ਦੱਸ ਦਿੱਤੈ। ਮੈਨੂੰ ਤੇ ਆਪਣੇ ਭਰਾ ਦੀ ਸ਼ਕਲ ਤੱਕ ਯਾਦ ਨਹੀਂ।

ਤੈਨੂੰ ਕੀ ਪਤੈ, ਤੂੰ ਕੀ ਜਾਣੇ, ਲੋਕੀਂ ਕਿਤਨੇ ਜ਼ਾਲਮ ਹੋ ਗਏ ਨੇ। ਪੈਸੇ ਦੀ ਦੌੜ ਵਿੱਚ ਕਿੱਥੋਂ ਕਿੱਥੇ ਪਹੁੰਚ ਗਏ ਨੇ। ਉਫ਼, ਸਾਡੀ ਸੋਚਣ ਸਮਝਣ ਦੀ ਸ਼ਕਤੀ ਕਿੱਥੇ ਅਲੋਪ ਹੋ ਗਈ ਏ? ਇਹ ਕੀ ਹੁੰਦਾ ਪਿਐ, ਕਿਉਂ ਹੁੰਦਾ ਪਿਐ? ਸ਼ੰਮੀ ਇਤਨੀ ਉਤੇਜਿਤ ਹੋ ਗਈ ਸੀ ਕਿ ਉਹ ਇਹ ਵੀ ਭੁੱਲ ਗਈ ਕਿ ਉਹ ਇਕ ਅਨਪੜ੍ਹ ਨੌਕਰਾਣੀ ਨਾਲ ਗੱਲਾਂ ਕਰ ਰਹੀ ਹੈ।

ਕੀ? ਨੌਕਰਾਣੀ ਵੀ ਹੈਰਾਨ ਹੈ।

ਇਹੋ। ਜੁਆਨੀਆਂ ਨਾਲ ਖਿਲਵਾੜ।

ਮੈਂ ਕੀ ਦੱਸਾਂ ਮੈਡਮ। ਮੈਨੂੰ ਤਾਂ ਭਾਂਡੇ ਸਾਫ਼ ਕਰਨੇ ਆਉਂਦੇ ਨੇ ਜਾਂ ਫਿਰ ਫ਼ਰਸ਼ ਚਮਕਾਣੇ। ਮੈਨੂੰ ਤਾਂ ਇਹੋ ਪਤੈ, ਜੇ ਕੱਪੜੇ ਤੇ ਇਕ ਵੀ ਦਾਗ਼ ਰਹਿ ਜਾਏ ਤਾਂ ਮਾਲਕ ਲੱਕ ਤੋੜਨ ਤੱਕ ਆ ਜਾਂਦੈ।

ਤੂੰ ਠੀਕ ਕਹਿੰਦੀ ਪਈਂ ਏ। ਮਨੁੱਖ ਜਿਤਨਾ ਅੰਦਰੋਂ ਦਾਗ਼ੀ ਹੋਈ ਜਾਂਦੈ, ਉਤਨੇ ਹੀ ਚਿੱਟੇ ਕੱਪੜੇ ਪਾਣ ਲੱਗ ਪਿਐ। ਸਭ ਕੁਝ ਲੁਕ ਜਾਂਦੈ ਨਾ ਇਨ੍ਹਾਂ ਥੱਲੇ।

ਹੱਛਾ ਜੀ। ਨੌਕਰਾਣੀ ਦੀ ਹੈਰਾਨੀ ਅੰਤਾਂ 'ਤੇ ਸੀ।

ਖ਼ੂਨ ਹੀ ਸਫ਼ੈਦ ਹੋ ਗਿਐ ਲੋਕਾਂ ਦਾ, ਹੈਂ ਨਾ?

ਕੀ ਪਤਾ ਜੀ ! ਗ਼ਰੀਬਾਂ ਵਿੱਚ ਤਾਂ ਖ਼ੂਨ ਹੁੰਦਾ ਈ ਨਹੀਂ... ਮੇਰੀ ਮਾਂ ਨੇ ਮੈਨੂੰ ਚੋਰੀ ਕਰਨੀ ਸਖਾਈ ਏ। ਮਾਲਕਾਂ ਦੀਆਂ ਰਸੋਈਆਂ ਵਿੱਚੋਂ ਰੋਟੀਆਂ ਚੁੱਕਣੀਆਂ ਤੇ ਫਿਰ ਘਰ ਲਿਆ ਕੇ ਛੋਟੇ ਭੈਣਾਂ ਭਰਾਵਾਂ ਨੂੰ ਖੁਆਣੀਆਂ। ਵੱਡੀ ਹੋਈ ਤਾਂ ਘਰ ਕੰਮ 'ਤੇ ਘਲਿਆ ਤੇ ਫਿਰ ਪੈਸੇ ਲਈ ਮੈਥੋਂ ਉਹ ਕਰਵਾਇਆ ਜੋ ਮੈਂ ਦੱਸ ਨਹੀਂ ਸਕਦੀ। ਨੌਕਰਾਣੀ ਦਾ ਗੱਚ ਭਰ ਆਇਆ। ਕੋਈ ਮਾਂ ਇੰਜ ਕਰਦੀ ਏ? ਮਾਂ ਦਾ ਖ਼ੂਨ ਹੁੰਦਾ ਤਾਂ ਖੌਲਦਾ ਨਾ?

ਹੁਣ ਸ਼ੰਮੀ ਹੈਰਾਨ ਸੀ, ਪ੍ਰੇਸ਼ਾਨ ਸੀ। ਉਹ ਨੌਕਰਾਣੀ ਨੂੰ ਕੀ ਜੁਆਬ ਦੇਵੇ। ਉਸ ਨੂੰ ਕਿੰਜ ਸਮਝਾਵੇ, ਅੱਜ ਰਿਸ਼ਤਿਆਂ ਦੇ ਅਰਥ ਕਿਤਨੇ ਬਦਲ ਗਏ ਨੇ। ਮਨੁੱਖ ਕਿਸ 'ਤੇ ਇਤਬਾਰ ਕਰੇ। ਉਸ ਦੀ ਆਪਣੀ ਮਾਂ ਨੇ ਪੰਜ ਵਰ੍ਹੇ ਉਸ ਦਾ ਵਿਆਹ ਅੱਗੇ ਪਾ ਦਿੱਤਾ ਸੀ। ਘਰ ਵਿੱਚ ਕੋਈ ਹੋਰ ਕਮਾਣ ਵਾਲਾ ਜੁ ਨਹੀਂ ਸੀ। ਤੇ ਹੁਣ ਪੈਸੇ ਲਈ ਹੀ ਸ਼ੀਲ ਨੇ ਉਸ ਦੇ ਪੰਜ ਹੋਰ ਵਰ੍ਹੇ ਅੱਗੇ ਧੱਕ ਦਿੱਤੇ ਨੇ।

ਇਕ ਮਾਂ ਦੂਜੇ ਬੱਚੇ ਨੂੰ ਪਾਲਣ ਲਈ ਪਹਿਲੇ ਦਾ ਜੀਵਨ ਦਾਅ 'ਤੇ ਲਾ ਦਿੰਦੀ ਏ। ਇਕ ਪਤੀ ਆਪਦੀਆਂ ਜ਼ਿੰਮੇਵਾਰੀਆਂ ਲਈ ਪਤਨੀ ਦੀ ਜੁਆਨੀ, ਚਾਅ, ਖ਼ੁਸ਼ੀਆਂ ਸਭ ਭੁੱਲ ਜਾਂਦੈ।

ਸ਼ੰਮੀ ਦਾ ਦਿਲ ਕੀਤਾ ਉਹ ਉੱਚੀ-ਉੱਚੀ ਰੋਵੇ,...ਤੇ ਫਿਰ ਕੋਈ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਪਲੋਸੇ ਭਾਵੇਂ ਇਹ ਨੌਕਰਾਣੀ ਹੀ। ...ਪਰ ਇਨ੍ਹਾਂ ਕਮਜ਼ੋਰ ਪਲਾਂ 'ਤੇ ਕਿਸੇ ਤਰ੍ਹਾਂ ਉਸ ਨੇ ਕਾਬੂ ਪਾ ਹੀ ਲਿਆ।

ਅਸੀਂ ਸਾਰੇ ਹੀ ਬੇਵੱਸ ਹਾਂ। ਜਾਹ ਹੁਣ ਤੂੰ ਸੌਂ ਜਾਹ। ਬਹੁਤ ਰਾਤ ਹੋ ਗਈ ਏ।

ਨੌਕਰਾਣੀ ਚੁੱਪ-ਚਾਪ ਆਪਣੇ ਮੰਜੇ 'ਤੇ ਜਾ ਲੇਟੀ। ਉਹ ਸੌਂ ਗਈ ਜਾਂ ਜਾਗਦੀ ਰਹੀ, ਪਰ ਸ਼ੰਮੀ ਨੂੰ ਆਪ ਨੀਂਦ ਤੋਂ ਡਰ ਆਉਣ ਲੱਗਿਆ,

ਜੇ ਮੈਂ ਸੌਂ ਗਈ ਤਾਂ ਸੁਪਨੇ ਵੀ ਮੈਨੂੰ ਚੈਨ ਨਹੀਂ ਲੈਣ ਦੇਣਗੇ।

# ਧਰਮ ਦੇ ਨਾਂਅ 'ਤੇ ਵਧ ਰਿਹੈ ਅੰਧਵਿਸ਼ਵਾਸ ਦਾ ਕਾਰੋਬਾਰ

**ਗੁਰਚਰਨ ਸਿੰਘ ਨੂਰਪੁਰ**

ਅਸੀਂ ਭਾਵੇਂ ਅੱਜ ਦੇ ਯੁੱਗ ਨੂੰ ਕੰਪਿਊਟਰ ਦਾ ਯੁੱਗ ਜਾਂ ਸਾਇੰਸ ਦਾ ਯੁੱਗ ਕਹੀਏ, ਪਰ ਹਕੀਕਤ ਇਹ ਹੈ ਕਿ ਅੱਜ ਵੀ ਦੁਨੀਆ ਦੀ ਬਹੁਗਿਣਤੀ ਅੰਧਵਿਸ਼ਵਾਸ ਦੀ ਦਲਦਲ ਵਿਚ ਬੜੀ ਬੁਰੀ ਤਰ੍ਹਾਂ ਫਸੀ ਹੋਈ ਹੈ। ਬਹੁਗਿਣਤੀ ਲੋਕ ਅੱਜ ਵੀ ਇਹ ਸਮਝਦੇ ਹਨ ਕਿ ਉਨ੍ਹਾਂ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਕਿਸੇ ਸਾਧ, ਸੰਤ, ਬਾਬੇ ਦੀ ਕਰਾਮਾਤ ਨਾਲ ਹੱਲ ਹੋ ਸਕਦੀਆਂ ਹਨ। ਵੱਖ-ਵੱਖ ਮੁਸੀਬਤਾਂ ਵਿਚ ਘਿਰੇ ਲੋਕਾਂ ਦਾ ਅਟੁੱਟ ਵਿਸ਼ਵਾਸ ਹੈ ਕਿ ਯੱਗ ਹਵਨ, ਪਾਠ ਪੂਜਾ ਅਤੇ ਤੀਰਥ ਯਾਤਰਾਵਾਂ ਨਾਲ ਘਰਾਂ ਦੇ ਧੋਣੇ ਧੋਤੇ ਜਾ ਸਕਦੇ ਹਨ। ਲੋਕਾਂ ਦੀ ਇਸ ਅੰਧਵਿਸ਼ਵਾਸੀ ਮਨੋਬਿਰਤੀ ਨੇ ਅੱਜ ਕੁਝ ਲੋਕਾਂ ਨੂੰ ਵੱਡੇ ਕਾਰੋਬਾਰ ਦਿੱਤੇ ਹੋਏ ਹਨ। ਅਵਾਮ ਦੀ ਇਸ ਮਨੋਬਿਰਤੀ ਨੇ ਮਾਮੂਲੀ ਕਾਰੋਬਾਰ ਕਰਦੇ ਬਾਪੂ ਆਸਾਰਾਮ ਅਤੇ ਸੰਤ ਰਾਮਪਾਲ ਵਰਗੇ ਲੋਕਾਂ ਨੂੰ ਆਪਣੇ ਕਾਰੋਬਾਰ ਨੂੰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਦੇ ਮੌਕੇ ਪ੍ਰਦਾਨ ਕੀਤੇ ਹਨ। ਉਂਜ ਤਾਂ ਧਰਮ ਅਤੇ ਰਾਜਨੀਤੀ ਸਦੀਆਂ ਤੋਂ ਇਕ-ਦੂਜੇ ਦੇ ਪੂਰਕ ਰਹੇ ਹਨ ਪਰ ਪਿਛਲੇ ਕੁਝ ਅਰਸੇ ਤੋਂ ਸਾਧਾਂ-ਸੰਤਾਂ ਦੇ ਡੇਰਿਆਂ 'ਤੇ ਜੁੜੀਆਂ ਭੀੜਾਂ ਨੂੰ ਵੋਟਾਂ ਦੇ ਰੂਪ ਵਿਚ ਵੀ ਵੇਖਿਆ ਜਾਣ ਲੱਗਾ ਹੈ। ਅੰਨ੍ਹੀ ਸ਼ਰਧਾ ਤਹਿਤ ਇਕੱਤਰ ਹੁੰਦੀਆਂ ਭੀੜਾਂ ਦਾ ਵੋਟਾਂ ਦੇ ਰੂਪ ਵਿਚ ਸੌਦਾ ਕਰਨਾ ਹੁਣ ਆਮ ਗੱਲ ਹੋ ਗਈ ਹੈ।



ਸਾਡੇ ਮੁਲਕ ਵਿਚ ਲੋਕਾਂ ਦੀ ਸ਼ਰਧਾ ਤੋਂ ਕੀਤਾ ਜਾਣ ਵਾਲਾ ਕਾਰੋਬਾਰ ਬੜੀ ਤੇਜ਼ੀ ਨਾਲ ਫਲ-ਫੁਲ ਰਿਹਾ ਹੈ। ਬਹੁਤ ਸਾਰੇ ਉਹ ਲੋਕ, ਜੋ ਹਕੀਕਤ ਵਿਚ ਵਪਾਰੀ ਕਿਸਮ ਦੇ ਲੋਕ ਹਨ, ਨੇ ਭਗਵੇਂ ਚੋਲਿਆਂ ਦੀ ਆੜ ਵਿਚ ਸਾਧ-ਸੰਤ ਬਣ ਕੇ ਲੋਕਾਂ ਤੋਂ ਮੋਟੀਆਂ ਕਮਾਈਆਂ ਬਟੋਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਧ-ਸੰਤ ਦੇਸ਼ ਵਿਚ ਅਨੇਕਾਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਮਾਲਕ ਬਣ ਰਹੇ ਹਨ। ਹੁਣ ਗੱਲ ਇਸ ਤੋਂ ਵੀ ਅਗਾਂਹ ਚਲੀ ਗਈ ਹੈ। ਵੱਖ-ਵੱਖ ਧਾਰਮਿਕ ਅਖਵਾਉਣ ਵਾਲੀਆਂ ਸੰਸਥਾਵਾਂ ਨੇ ਆਪਣੀਆਂ-ਆਪਣੀਆਂ ਕੰਪਨੀਆਂ ਦੇ ਪ੍ਰੋਡਕਟ ਤਿਆਰ ਕਰਕੇ ਬਾਜ਼ਾਰ ਵਿਚ ਉਤਾਰ ਦਿੱਤੇ ਹਨ। ਇਹ ਬਾਜ਼ਾਰ ਘਿਓ, ਚੌਲ, ਤੇਲ, ਸਾਬਣ ਆਦਿ ਘਰੇਲੂ ਵਰਤੋਂ ਦੀਆਂ ਵਸਤਾਂ ਤੱਕ ਹੀ ਸੀਮਤ ਨਹੀਂ ਬਲਕਿ ਔਰਤਾਂ ਦੀ ਖ਼ੂਬਸੂਰਤੀ ਲਈ ਵਰਤੀਆਂ ਜਾਂਦੀਆਂ ਕਰੀਮਾਂ, ਪਾਊਡਰ, ਸ਼ੈਂਪੂ ਅਤੇ ਸੁੰਦਰਤਾ ਦੇ ਹੋਰ ਨੁਸਖੇ ਵੀ ਇਨ੍ਹਾਂ ਵਿਚ ਸ਼ਾਮਿਲ ਹਨ। ਸਾਡੇ ਮੁਲਕ ਦੇ ਧਾਰਮਿਕ ਰਹਿਨੁਮਾਵਾਂ ਨੇ ਹੁਣ ਸ਼ਾਇਦ ਬਾਜ਼ਾਰ ਦੀ ਤਾਕਤ ਨੂੰ ਸਮਝ ਲਿਆ ਹੈ ਅਤੇ ਉਹ ਹਰ ਤਰ੍ਹਾਂ ਨਾਲ ਆਪਣੇ ਕਾਰੋਬਾਰ ਨੂੰ ਵਿਸਥਾਰ ਦੇਣ ਦੀਆਂ ਕੋਸ਼ਿਸ਼ਾਂ ਵਿਚ ਹਨ। ਆਪਣੀਆਂ ਕੰਪਨੀਆਂ ਦੇ ਬਣਾਏ ਮਾਲ ਦੀ ਵਿਕਰੀ ਵਧਾਉਣ ਲਈ ਹਰ ਰੋਜ਼ ਲੱਖਾਂ ਰੁਪਏ ਵੱਖ-ਵੱਖ ਉਤਪਾਦਾਂ ਦੀਆਂ ਮਸ਼ਹੂਰੀਆਂ 'ਤੇ ਖਰਚੇ ਜਾ ਰਹੇ ਹਨ।

ਪਿਛਲੇ ਦਿਨੀ ਸ੍ਰੀ ਸ੍ਰੀ ਰਵੀਸ਼ੰਕਰ ਵੱਲੋਂ ਕਰੋੜਾਂ ਰੁਪਏ ਖਰਚ ਕੇ ਯਮੁਨਾ ਕੰਢੇ ਕੀਤਾ ਪ੍ਰੋਗਰਾਮ ਚਰਚਾ ਦਾ ਵਿਸ਼ਾ ਬਣਿਆ ਰਿਹਾ। ਇਸ ਪ੍ਰੋਗਰਾਮ ਸਬੰਧੀ ਪ੍ਰਦੂਸ਼ਣ ਵਿਭਾਗ ਨੇ ਕਈ ਰੋਕਾਂ ਵੀ ਖੜ੍ਹੀਆਂ ਕੀਤੀਆਂ ਅਤੇ ਜ਼ੁਰਮਾਨਾ ਕਰਨ ਦਾ ਫ਼ੁਰਮਾਨ ਵੀ ਸੁਣਾਇਆ ਸੀ ਪਰ ਕਿਸੇ ਦੀ ਪ੍ਰਵਾਹ ਕੀਤੇ ਬਗੈਰ ਪ੍ਰੋਗਰਾਮ ਸਿਰੇ ਚੜ੍ਹਿਆ¢ ਮੰਨਿਆ ਜਾ ਰਿਹਾ ਹੈ ਕਿ ਇਸਨ ਾਲਕ ਈਰਿ ਕਸਾਨਾਂਦ ਿਆਂਫ਼ ਸਲਾਂਬ ਰਬਾਦਹ ੋਈਆਂ¢ਕ ਈ ਪੰਛੀਆਂ ਦੀਆਂ ਜਾਤੀਆਂ ਪ੍ਰਭਾਵਿਤ ਹੋਈਆਂ ਅਤੇ ਅਨੇਕਾਂ ਹੀ ਤਰ੍ਹਾਂ ਦੀ ਬਨਸਪਤੀ ਅਤੇ ਪੇੜ ਪੌਦੇ ਇਸ ਪ੍ਰੋਗਰਾਮ ਨਾਲ ਹਾਨੀ-ਗ੍ਰਸਤ ਹੋਏ। ਅੱਜ ਸੂਚਨਾ ਅਤੇ ਤਕਨੀਕ ਦਾ ਯੁੱਗ ਹੈ। ਅਸੀਂ ਆਪਣੇ ਵਿਚਾਰਾਂ ਨਾਲ ਕੁਝ ਲੋਕਾਂ ਨੂੰ ਜੇਕਰ ਪ੍ਰਭਾਵਿਤ ਕਰਨਾ ਚਾਹੁੰਦੇ ਹਾਂ ਤਾਂ ਇਸ ਲਈ ਆਧੁਨਿਕ ਤਕਨੀਕਾਂ ਦਾ ਇਸਤੇਮਾਲ ਕਰਕੇ ਅਸੀਂ ਘੱਟ ਪੈਸਿਆਂ ਨਾਲ ਲੱਖਾਂ ਲੋਕਾਂ ਤੱਕ ਪਹੁੰਚ ਕਰ ਸਕਦੇ ਹਾਂ। ਪਰ ਅਜਿਹੇ ਪ੍ਰੋਗਰਾਮ, ਜਿਨ੍ਹਾਂ ਕਰਕੇ ਵਾਤਾਵਰਨ ਦੀ ਬਰਬਾਦੀ ਹੋਵੇ, ਲੱਖਾਂ ਲੋਕਾਂ ਦੀ ਊਰਜਾ ਅਤੇ ਧਨ ਦੀ ਬਰਬਾਦੀ ਹੋਵੇ, ਕਰਕੇ ਅਸੀਂ ਲੋਕ ਕਿਹੜਾ ਲੋਕ ਭਲਾਈ ਦਾ ਕੰਮ ਕਰ ਰਹੇ ਹਾਂ। ਅਜਿਹੇ ਸਮੇਂ ਜਦੋਂ ਇਕੋ ਜਗ੍ਹਾ ਲੱਖਾਂ ਲੋਕ ਇਕੱਠੇ ਹੁੰਦੇ ਹਨ ਨਾਲ ਕੋਈ ਵੱਡਾ ਹਾਦਸਾ ਵਾਪਰਨ ਦਾ ਖ਼ਦਸ਼ਾ ਵੀ ਬਣਿਆ ਰਹਿੰਦਾ ਹੈ।

ਅਜੋਕੀਆਂ ਧਾਰਮਿਕ ਸੰਸਥਾਵਾਂ ਜੋ ਆਮ ਮਨੁੱਖ ਦੀ ਭਲਾਈ ਦੀ ਗੱਲ ਕਰਨ ਦਾ ਦਾਅਵਾ ਕਰਦੀਆਂ ਹਨ ਦੁਆਰਾ ਆਮ ਮਨੁੱਖ ਨੂੰ ਇਹ ਸਿੱਖਿਆ ਦਿੱਤੀ ਜਾਂਦੀ ਹੈ ਕਿ ਰੱਬ ਕੁਦਰਤ ਦੇ ਜ਼ਰ੍ਹੇ-ਜ਼ਰ੍ਹੇ ਵਿਚ ਹੈ। ਪਰ ਜਦੋਂ ਵੱਡੇ-ਵੱਡੇ ਅਡੰਬਰ ਰਚਾ ਕੇ ਆਲੇ ਦੁਆਲੇ ਨੂੰ ਪਲੀਤ ਕੀਤਾ ਜਾਂਦਾ ਹੈ ਉਦੋਂ ਕੁਦਰਤ ਦਾ ਪਿਆਰ ਕਿਉਂ ਵਿਸਰ ਜਾਂਦਾ ਹੈ। ਪਹਾੜਾਂ ਦੇ ਕੁਦਰਤੀ ਨਜ਼ਾਰਿਆਂ ਨੂੰ ਖ਼ਤਮ ਕਰਕੇ ਵੱਡੇ-ਵੱਡੇ ਧਾਮ ਉਸਾਰੇ ਜਾ ਰਹੇ ਹਨ। ਨਦੀਆਂ ਦਰਿਆਵਾਂ ਦੇ ਕੰਢਿਆਂ 'ਤੇ ਆਸ਼ਰਮ ਬਣ ਰਹੇ ਹਨ। ਅੱਜ ਦੇਸ਼ ਵਿਚ ਵੱਡੇ-ਵੱਡੇ ਧਾਰਮਿਕ ਰਹਿਬਰਾਂ ਦਾ ਜੋ ਵਿਹਾਰ ਵੇਖ ਰਹੇ ਹਾਂ ਉਸ ਵਿਚ ਉਹ

ਆਪਣੇ ਸੇਵਕਾਂ ਨੂੰ ਸਿੱਖਿਆ ਤਾਂ ਸਾਦਾ ਰਹਿਣ ਦੀ ਦਿੰਦੇ ਹਨ, ਪਰ ਉਨ੍ਹਾਂ ਦੇ ਵਿਹਾਰ ਵਿਚ 'ਵੀ.ਆਈ.ਪੀ. ਕਲਚਰ' ਆ ਗਿਆ ਹੈ। ਅਜਿਹਾ ਸ਼ਾਇਦ ਇਸ ਲਈ ਹੈ ਕਿ ਸੰਗਤਾਂ ਦੀ ਸ਼ਰਧਾ ਵਿਚ ਕੋਈ ਤਬਦੀਲੀ ਨਹੀਂ ਆਈ ਪਰ ਸਾਧਾਂ-ਬਾਬਿਆਂ ਦਾ ਰਹਿਣ-ਸਹਿਣ ਉੱਕਾ ਹੀ ਤਬਦੀਲ ਹੋ ਗਿਆ ਹੈ। ਉਹ ਵੱਡੇ ਵਪਾਰੀ ਅਤੇ ਕਾਰੋਬਾਰੀ ਬਣ ਗਏ ਹਨ। ਧਰਮ-ਕਰਮ ਦੀਆਂ ਸਰਗਰਮੀਆਂ ਲਈ ਵੱਡੀ ਪੱਧਰ 'ਤੇ ਜ਼ਮੀਨਾਂ ਲੈ ਕੇ ਡੇਰੇ-ਮੱਠ ਬਣਾਏ ਜਾ ਰਹੇ ਹਨ। ਸਰਕਾਰਾਂ ਸਾਧ ਬਾਬਿਆਂ ਨੂੰ ਸਸਤੀਆਂ ਜ਼ਮੀਨਾਂ ਅਲਾਟ ਕਰਨ ਲਈ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਣ ਲੱਗੀਆਂ ਹਨ। ਸਾਧ-ਸੰਤ ਆਪਣੀਆਂ ਕੰਪਨੀਆਂ ਦੀ ਸਥਾਪਤੀ ਲਈ ਅਤੇ ਆਪਣੇ ਪ੍ਰੋਡਕਟ ਵੇਚਣ ਲਈ ਮੀਡੀਆ ਦਾ ਸਹਾਰਾ ਲੈ ਰਹੇ ਹਨ। ਬੜੀ ਅਜੀਬ ਸਥਿਤੀ ਹੈ ਜਿਹੜੀਆਂ ਧਿਰਾਂ ਨੇ ਮਨੁੱਖ ਨੂੰ ਮੋਹ ਮਾਇਆ ਅਤੇ ਬਾਜ਼ਾਰੂ ਤਾਕਤਾਂ ਦੇ ਤਿਲਸਮੀ ਸੰਸਾਰ ਤੋਂ ਬਾਹਰ ਕੱਢਣਾ ਸੀ, ਮਨੁੱਖ ਨੂੰ ਇਸ ਸਭ ਕੁਝ ਤੋਂ ਸੁਚੇਤ ਕਰਨਾ ਸੀ ਉਹ ਧਿਰਾਂ ਹੁਣ ਮਨੁੱਖ ਨੂੰ ਬਾਜ਼ਾਰ ਦੇ ਰਾਹ ਤੋਰਨ ਲਈ ਬੇਤਾਬ ਹਨ। ਉਹ ਧਿਰਾਂ ਜੋ ਮੋਹ ਮਾਇਆ ਤੋਂ ਮਨੁੱਖ ਨੂੰ ਨਿਰਲੇਪ ਰਹਿਣ ਦੀ ਗੱਲ ਕਹਿੰਦੀਆਂ ਆਈਆਂ ਹਨ ਜਦੋਂ ਉਨ੍ਹਾਂ ਵਿਚ ਇਕ ਦੂਜੇ ਨਾਲੋਂ ਵਧ ਕੇ ਮਾਇਆ ਕਮਾਉਣ ਦੀ ਹੋੜ ਲੱਗ ਗਈ ਹੈ ਤਾਂ ਇਨ੍ਹਾਂ ਦੇ ਸ਼ਰਧਾਲੂ ਲੋਕਾਂ ਵਿਚ ਕਿਸ ਤਰ੍ਹਾਂ ਦੀਆਂ ਮਾਨਸਿਕ ਪ੍ਰਵਿਰਤੀਆਂ ਪੈਦਾ ਹੋਣਗੀਆਂ। ਕਾਰਪੋਰੇਟ ਕੰਪਨੀਆਂ ਹੋਣ ਜਾਂ ਕੋਈ ਧਾਰਮਿਕ ਰਹਿਨੁਮਾ ਹੋਣ ਸਭ ਨੂੰ ਕਾਰੋਬਾਰ ਕਰਨ ਲਈ ਪ੍ਰਸ਼ਾਸਨ ਦੇ ਨਾਲ-ਨਾਲ ਸੱਤਾਧਾਰੀ ਧਿਰ ਦੀ ਲੋੜ ਰਹਿੰਦੀ ਹੈ। ਇਸ ਗਠਜੋੜ ਨੂੰ ਅੱਜ ਸਪੱਸ਼ਟ ਵੇਖਿਆ ਜਾ ਸਕਦਾ ਹੈ। ਉਂਜ ਤਾਂ ਦਹਾਕਿਆਂ ਤੋਂ ਧਰਿੰਦਰ ਬ੍ਰਹਮਚਾਰੀ, ਚੰਦਰਾ ਸੁਆਮੀ ਅਤੇ ਸਤਿਆ ਸਾਈਂ ਬਾਬੇ ਵਰਗਿਆਂ ਦੀਆਂ ਸੱਤਾਧਾਰੀਆਂ ਨਾਲ ਭਿਆਲੀਆਂ ਰਹੀਆਂ ਹਨ ਪਰ ਅੱਜ ਜਿਸ ਢੰਗ ਨਾਲ ਵੱਖ-ਵੱਖ ਧਰਮ ਗੁਰੂਆਂ ਨੂੰ ਆਪਣੇ ਕਾਰੋਬਾਰਾਂ ਦਾ ਵਿਸਥਾਰ ਕਰਨ ਲਈ ਜ਼ਮੀਨਾਂ, ਪਲਾਟ ਦਿੱਤੇ ਜਾ ਰਹੇ ਹਨ, ਉਸ ਨੇ ਉਸ ਵਰਤਾਰੇ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾਇਆ ਹੈ ਜੋ ਹੁਣ ਤੱਕ ਮਨੁੱਖ ਦੀ ਸੋਚ ਵਿਚਾਰ ਕਰਨ ਦੀ ਸ਼ਕਤੀ ਨੂੰ ਖੁੰਡਾ ਕਰਦਾ ਆਇਆ ਹੈ ਅਤੇ ਇਹ ਇਕ ਬੇਹੱਦ ਖਤਰਨਾਕ ਵਰਤਾਰਾ ਹੈ। ਹੁਣ ਮਨੁੱਖ ਦੀ ਸ਼ਰਧਾ ਤੋਂ ਵੱਧ ਤੋਂ ਵੱਧ ਕਮਾਈ ਕਰਨ ਦੇ ਨਾਲ-ਨਾਲ ਜਦੋਂ-ਜਦੋਂ ਲੋੜ ਪਵੇ, ਉਸ ਨੂੰ ਵੋਟ ਦੇ ਰੂਪ ਵਿਚ ਵਰਤੇ ਜਾਣਾ ਆਮ ਗੱਲ ਹੋ ਗਈ ਹੈ। ਇਹ ਇਖਲਾਕੀ ਤੌਰ 'ਤੇ ਇਕ ਅਤਿ ਮਾੜਾ ਰੁਝਾਨ ਹੈ ਜੋ ਸਾਡੇ ਦੇਸ਼ ਵਿਚ ਬੜੀ ਤੇਜ਼ੀ ਨਾਲ ਪੈਦਾ ਹੋ ਰਿਹਾ ਹੈ। ਹੁਣ ਗੱਲ ਸ਼ਾਇਦ ਇਸ ਤੋਂ ਵੀ ਅਗਾਂਹ ਜਾ ਰਹੀ ਹੈ ਧਰਮ ਗੁਰੂਆਂ ਦੇ ਕਾਰੋਬਾਰਾਂ ਦੀ ਰਾਖੀ ਕਰਨ ਅਤੇ ਉਨ੍ਹਾਂ ਦੇ ਪ੍ਰੋਗਰਾਮਾਂ ਦੀ ਵਿਵਸਥਾ ਲਈ ਪੁਲਿਸ ਅਤੇ ਇੱਥੋਂ ਤੱਕ ਕਿ ਫੌਜ ਨੂੰ ਵਰਤੇ ਜਾਣ ਦਾ ਨਵਾਂ ਰੁਝਾਨ ਸ਼ੁਰੂ ਹੋ ਗਿਆ ਹੈ। ਅਸੀਂ ਵੱਖ-ਵੱਖ ਧਰਮਾਂ, ਜਾਤਾਂ, ਮਜ਼੍ਹਬਾਂ ਅਤੇ ਅਨੇਕਾਂ ਤਰ੍ਹਾਂ ਦੀਆਂ ਸੰਪਰਦਾਵਾਂ ਵਾਲੇ ਦੇਸ਼ ਵਿਚ ਰਹਿ ਰਹੇ ਹਾਂ। ਇੱਥੇ ਇਕ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਸਾਧ, ਸੰਤ, ਸੁਆਮੀ ਹਨ, ਜਿਨ੍ਹਾਂ ਨੇ ਆਪਣੀ-ਆਪਣੀ ਸਮਰੱਥਾ ਅਨੁਸਾਰ ਆਪਣੇ-ਆਪਣੇ ਝੰਡਿਆਂ ਹੇਠ ਵੱਧ ਤੋਂ ਵੱਧ ਸੰਗਤ ਇਕੱਠੀ ਕੀਤੀ ਹੋਈ ਹੈ। ਇਹ ਵੀ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਇਨ੍ਹਾਂ 'ਚੋਂ ਕੁਝ ਐਸੇ ਵੀ ਸਾਧ ਸੰਤ ਹਨ, ਜਿਨ੍ਹਾਂ ਦੀ ਆਪਸੀ ਮੁਕਾਬਲੇਬਾਜ਼ੀ ਵੀ ਚਲਦੀ ਹੈ। ਜਿਵੇਂ ਸ੍ਰੀ ਸ੍ਰੀ ਰਵੀਸ਼ੰਕਰ ਜੀ ਦੇ ਮੈਗਾ ਪ੍ਰੋਗਰਾਮ ਲਈ ਯਮੁਨਾ ਦਰਿਆ ਤੇ ਫ਼ੌਜ ਵੱਲੋਂ ਪੁਲ ਬਣਾ ਕੇ ਦਿੱਤਾ ਗਿਆ ਕੀ ਕੱਲ੍ਹ ਨੂੰ ਕੋਈ ਹੋਰ ਸਾਧ ਸੰਤ ਇਸ ਤਰ੍ਹਾਂ ਦੇ ਸਮਾਗਮ ਕਰਦਾ ਹੈ ਤਾਂ ਉਸ ਦੀ ਮੰਗ 'ਤੇ ਵੀ ਭਾਰਤੀ ਫੌਜ ਦੀਆਂ ਸੇਵਾਵਾਂ ਪੇਸ਼ ਕੀਤੀਆਂ ਜਾਣਗੀਆਂ।

ਅੱਜ ਆਮ ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਆਪਣੇ-ਆਪ ਨੂੰ ਵੱਡੇ-ਵੱਡੇ ਧਰਮਾਤਮਾ ਸਾਬਤ ਕਰਨ ਵਾਲੇ ਸਾਧ ਬਾਬੇ ਲੋਕਾਂ ਦੀ ਅੰਨ੍ਹੀ ਸ਼ਰਧਾ ਤੋਂ ਵੱਡੇ ਕਾਰੋਬਾਰ ਕਰ ਰਹੇ ਹਨ। ਉਨ੍ਹਾਂ ਦੀ ਸੰਗਤ ਬਣਨ ਲਈ ਸ਼ਰਧਾਲੂ ਨੂੰ ਮੋਟੀਆਂ ਰਕਮਾਂ ਖਰਚ ਕਰਨੀਆਂ ਪੈਂਦੀਆਂ ਹਨ। ਇੱਥੋਂ ਤੱਕ ਕਿ ਬਹੁਤ ਮਹਿੰਗੇ ਮੁੱਲ ਅਸ਼ੀਰਵਾਦ ਤੱਕ ਵੀ ਵੇਚੇ ਜਾਂਦੇ ਹਨ। ਖਾਸ ਪ੍ਰੋਗਰਾਮਾਂ ਵਿਚ ਬੈਠਣ ਲਈ ਸੀਟ ਬੁੱਕ ਕਰਵਾਉਣ ਦੀ ਫੀਸ ਹਜ਼ਾਰਾਂ ਤੋਂ ਲੱਖਾਂ ਵਿਚ ਵੀ ਹੈ। ਵੀ.ਆਈ.ਪੀਜ਼. ਅਸ਼ੀਰਵਾਦ ਵੀ ਬਾਜ਼ਾਰ ਵਿਚ ਉਪਲਬਧ ਹਨ। ਰੱਬ ਦੇ ਦਰ 'ਤੇ ਸੌਖਿਆਂ ਪ੍ਰਵੇਸ਼ ਕਰਨ ਲਈ ਮਾਲਾਵਾਂ, ਲਾਕਟ, ਜਾਪ ਕਰਨ ਲਈ ਬੈਠਣ ਵਾਲੀਆਂ ਚਟਾਈਆਂ ਅਤੇ ਹੋਰ ਬਹੁਤ ਕੁਝ ਅਜਿਹਾ ਆਮ ਲੋਕਾਂ ਨੂੰ ਵੇਚਿਆ ਜਾ ਰਿਹਾ ਹੈ। ਲੋਕਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਅਜਿਹਾ ਕਰਕੇ ਉਹ ਆਪਣੇ ਘਰੇਲੂ ਕਾਰੋਬਾਰਾਂ ਨੂੰ ਵਿਸਥਾਰ ਦੇ ਸਕਦੇ ਹਨ, ਘਰ ਦੇ ਦੁੱਖਾਂ ਦਲਿੱਦਰਾਂ ਤੋਂ ਨਿਜ਼ਾਤ ਪਾ ਸਕਦੇ ਹਨ, ਲੜਾਈ ਝਗੜਿਆਂ ਤੋਂ ਬਚਾਅ ਅਤੇ ਤੰਦਰੁਸਤੀ ਹਾਸਲ ਕਰ ਸਕਦੇ ਹਨ। ਧਰਮ ਕਰਮ ਨਾਲ ਜੁੜੇ ਮੈਗਾ ਪ੍ਰੋਗਰਾਮਾਂ ਵਿਚ ਹਜ਼ਾਰਾਂ ਕਲਾਕਾਰਾਂ ਦੀ ਪੇਸ਼ਕਾਰੀ, ਸਾਧਾਂ, ਸੰਤਾਂ ਅਤੇ ਸਾਧਵੀਆਂ ਦਾ ਫ਼ਿਲਮੀ ਅੰਦਾਜ਼ ਵਿਚ ਫ਼ਿਲਮੀ ਗਾਣਿਆਂ 'ਤੇ ਨੱਚਣਾ-ਥਿਰਕਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਰੱਬੀ ਰਹਿਮਤ ਅਤੇ ਗਲੈਮਰ ਦੀ ਦੁਨੀਆ ਨੂੰ ਬਹੁਤ ਜਲਦੀ ਰਲਗੱਡ ਕਰ ਦਿੱਤਾ ਜਾਵੇਗਾ। ਬਹੁਤ ਜਲਦੀ ਇਸ ਵਿਚ ਹੋਰ ਨਵੀਆਂ ਪ੍ਰਾਪਤੀਆਂ ਕੀਤੀਆਂ ਜਾਣਗੀਆਂ।

ਮਨੁੱਖ ਇਸ ਧਰਤੀ 'ਤੇ ਕੁਝ ਸਮਾਂ ਰਹਿਣ ਲਈ ਆਇਆ ਹੈ। ਇਸ ਦਾ ਇੱਥੇ ਹੋਣਾ ਸਦੀਵੀ ਨਹੀਂ। ਅੱਜ ਇਹ ਵਿਚਾਰਨ ਵਾਲੀ ਗੱਲ ਹੈ ਕਿ ਇਸ ਸਮਾਜ ਨੂੰ ਕਿਸ ਤਰ੍ਹਾਂ ਦਾ ਸਮਾਜ ਬਣਾਇਆ ਜਾ ਰਿਹਾ ਹੈ। ਸਾਡਾ ਆਪਣੀ ਧਰਤੀ ਨਾਲ ਕਿਹੋ ਜਿਹਾ ਵਿਵਹਾਰ ਹੈ। ਸਾਡੇ ਕੁਦਰਤੀ ਸੋਮੇ ਬੜੀ ਤੇਜ਼ੀ ਨਾਲ ਪਲੀਤ ਹੋ ਰਹੇ ਹਨ। ਵਸਤਾਂ, ਪਦਾਰਥਾਂ ਦੀ ਹੋੜ ਅਤੇ ਆਪਣੇ ਵਡੱਪਣ ਲਈ ਵੱਡੇ-ਵੱਡੇ ਪਾਪੜ ਵੇਲਣੇ ਇਹ ਸਭ ਕੁਝ ਸਾਨੂੰ ਕਿਸ ਪਾਸੇ ਲੈ ਜਾਵੇਗਾ। ਅਸੀਂ ਸਭ ਨੇ ਇਸ ਜ਼ਮੀਨ 'ਤੇ ਰਹਿੰਦਿਆਂ ਸੱਤਾ ਤਾਕਤ, ਕਾਰੋਬਾਰ, ਪਰਿਵਾਰ, ਸ਼ਾਨੋ-ਸ਼ੌਕਤ ਆਦਿ ਲਈ ਹੀ ਨਹੀਂ ਜਿਊਣਾ ਹੁੰਦਾ। ਅਸੀਂ ਇਸ ਸਮਾਜ ਲਈ ਵੀ ਜਿਊਣਾ ਹੁੰਦਾ ਹੈ ਅਤੇ ਇਸ ਤੋਂ ਵੀ ਅਗਾਂਹ ਅਸੀਂ ਮਿੱਟੀ, ਪਾਣੀ ਅਤੇ ਹਵਾ ਲਈ ਵੀ ਜਿਊਣਾ ਹੁੰਦਾ ਹੈ। ਸਾਧਾਂ ਸੰਤਾਂ ਵੱਲੋਂ ਵੱਡੇ ਸਾਮਰਾਜ ਅਤੇ ਕਾਰੋਬਾਰਾਂ ਦੀ ਸਥਾਪਤੀ ਕਰਨੀ ਇਸ ਗੱਲ ਵੱਲ ਇਸ਼ਾਰਾ ਹੈ ਕਿ ਸਬਰ ਸੰਤੋਖ ਅਤੇ ਸਾਦਾ ਰਹਿਣ-ਸਹਿਣ ਅਤੇ ਖਾਣ-ਪੀਣ ਜਿਹੀਆਂ ਗੱਲਾਂ ਹੁਣ ਅਜੋਕੇ ਧਰਮ-ਕਰਮ ਦੇ ਖੇਤਰ 'ਚੋਂ ਮਨਫ਼ੀ ਕਰ ਦਿੱਤੀਆਂ ਗਈਆਂ ਹਨ। ਅੱਜ ਆਮ ਲੋਕਾਂ ਨੂੰ ਅਜਿਹੇ ਵਰਤਾਰਿਆਂ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਸਭ ਧਿਰਾਂ ਦੀ ਕਾਰਜ-ਵਿਧੀ ਨੂੰ ਸਮਝਣ ਦੀ ਲੋੜ ਹੈ ਜੋ ਅੱਜ ਲੋਕ ਮਾਨਸਿਕਤਾ ਨੂੰ ਅੰਧ ਵਿਸ਼ਵਾਸਾਂ ਦੀ ਦਲਦਲ ਵੱਲ ਧੱਕ ਕੇ ਇਸ ਤੋਂ ਕਮਾਈਆਂ ਕਰਨ ਵਿਚ ਜੁਟੀਆਂ ਹੋਈਆਂ ਹਨ। ਅੱਜ ਸਮਾਜ ਦਾ ਭਲਾ ਚਾਹੁਣ ਵਾਲਿਆਂ ਬੁੱਧੀਜੀਵੀਆਂ, ਤਰਕਸ਼ੀਲਾਂ, ਵਿਦਵਾਨਾਂ ਨੂੰ ਚਾਹੀਦਾ ਹੈ ਕਿ ਉਹ ਆਮ ਲੋਕਾਂ ਨੂੰ ਅਜੋਕੇ ਅੰਧਵਿਸ਼ਵਾਸ ਦੇ ਬਾਜ਼ਾਰ ਤੋਂ ਸੁਚੇਤ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ।

-ਮੋ: 98550-51099



# ਕਾਵਿ-ਕਿਆਰੀ



## ''ਪੱਤ-ਸੱਤ''



ਜੀਵਨ ਖੇਡ ਔਖੀ ਹੈ, ਪਰ ਏਡੀ ਨਹੀਂ।
ਹੋਰ ਕੋਈ ਵੀ ਖੇਡ ਸੌਖੀ ਇਸ ਜੇਡੀ ਨਹੀਂ।
ਅਕਾਦਮਿਕ, ਪ੍ਰੀਖਿਆ ਦਾ ਸਮਾਂ ਤਾਂ ਨਿਸ਼ਚਿਤ ਹੈ,
ਪਰ ਜੀਵਨ ਪ੍ਰੀਖਿਆ ਸਮੀਖਿਆ ਅਨਿਸ਼ਚਿਤ ਹੈ।
ਅਕਾਲ ਦੀ ਟਕਸਾਲ, ਬਰਾਬਰ ਘੜਦੀ ਹੈ ਇਨਸਾਨ ਨੂੰ,
ਫਿਰ ਸਮਝ ਕਿਉਂ ਨਹੀਂ ਆਉਂਦੀ ਸਿਆਸਤਦਾਨ ਨੂੰ।
ਜੀਵਨ ਵਿਚ ਦੁੱਖ ਸੁੱਖ ਤਾਂ ਆਉਂਦੇ ਰਹਿਣੇ ਹਨ,
ਜੇ ਸੁੱਖ ਹਨ ਸ਼ਿੰਗਾਰ ਤਾਂ ਦੁੱਖ ਵੀ ਗਹਿਣੇ ਹਨ।
ਜੋ ਆਇਆ ਸੰਸਾਰ, ਉਸ ਆਖ਼ਿਰ ਜਾਣਾ ਹੈ,
ਕੀਤਾ ਕੌਲ ਕਰਾਰ, ਹਰ ਹਾਲ ਨਿਭਾਉਣਾ ਹੈ।
ਮਾਨਸ-ਜਨਮ ਗੁਲਜ਼ਾਰ, ਕਿਉਂ ਸ਼ਮਸ਼ਾਨ ਬਣਾਈਏ,
ਮੋਢੀਂ ਚੜ੍ਹ ਕੇ ਜਾਣਾ ਹੈ, ਤੁਰ ਕੇ ਕਿਉਂ ਜਾਈਏ।
ਬੰਦੇ ਬੰਦੇ ਵਿਚ ਬਹੁਤਾ ਅੰਤਰ ਨਹੀਂ ਹੁੰਦਾ,
ਕਈਆਂ ਦਾ ਤਰਕ, ਲੋਕ-ਤੰਤਰ ਨਹੀਂ ਹੁੰਦਾ।
ਕਿਸੇ ਦੀ ਵੀ, ਦੁਖਦੀ ਰਗ ਦੁਖਾਈਏ ਨਾ।
ਅੱਕ ਕੱਕੜੀ ਦੀ ਵੀ, ਮਾਣੀ ਛਾਂ ਭੁਲਾਈਏ ਨਾ।
ਹਰ ਔਕੜ ਦਾ ਮੂੰਹ ਭੰਨੀਏ, ਮੂੰਹ ਛੁਪਾਈਏ ਨਾ,
ਕੀਨੇ ਸਾੜੇ ਰੰਜਸ਼ ਨੂੰ ਅਪਨਾਈਏ ਨਾ।
ਮੀਰ-ਏ ਕਾਰਵਾਂ ਬਣ, ਨਿਮਰ ਨਿਰਪੱਖ ਰਹੀਏ,
ਮੈਂ ਤੇ ਕੇਵਲ ਮੈਂ ਤੇ, ਸੋਹਿਲੇ ਗਾਈਏ ਨਾ।
'ਪੱਛਮੀਂ ਰਹਿਤਲ ਖਿਚੜੀ' ਦੀ ਚੰਚਲ ਚਮਕ ਦੰਮਕ ਲਈ,
ਆਪਣੇ ਗੰਭੀਰ ਅਮੀਰ ਵਿਰਸੇ ਨੂੰ ਠੁਕਰਾਈਏ ਨਾ।
ਹਮਕੋ ਤੁਮਕੋ ਹੈਲੋ ਫ਼ੈਲੋ, ਹਾਏ ਬਾਏ ਉਧਾਰ ਲੈ ਕੇ,
ਹੱਥ ਜੋੜ ਸੀਸ ਝੁਕਾਅ, ਆਦਾਬ ਅਰਜ਼ ਦੀ ਅੱਲਖ ਮੁਕਾਈਏ ਨਾ।
ਪਿਉ ਦਾਦੇ ਪੜਦਾਦੇ ਜੇਡਾ ਪੱਤ ਸੱਤ ਵਾਲੀ, ਜੀਵਨ ਖੇਡ,
ਸਿਰ ਧਰ ਤਲੀ ਵਿਹਾਜ ਲਈਏ, ਪੈਰ ਪਿੱਛੇ ਖਿਸਕਾਈਏ ਨਾ।

**ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ, 98153-03206**

## ਔਰਤ ਦੇ ਰੂਪ



ਪਹਿਲਾਂ ਤਾਂ ਇਹ ਬੱਚੀ ਸੀ।
ਉਮਰ ਦੀ ਥੋੜ੍ਹੀ ਕੱਚੀ ਸੀ।
ਇਹ ਤਾਂ ਹਾਲੇ ਬੱਚੀ ਦਾ ਸੀ ਸਰੂਪ।
ਜਿਸ ਵਿਚ ਖੇਡਣ ਦਾ ਹੁੰਦਾ ਏ ਸਰੂਰ।

ਪੜ੍ਹ ਲਿਖ ਕੇ ਜਦੋਂ ਹੋਈ ਜਵਾਨ।
ਮਾਤਾ ਪਿਤਾ ਨੇ ਕਰ ਦਿੱਤਾ ਕੰਨਿਆ ਦਾਨ।
ਫਿਰ ਇਸ ਨੇ ਲਿਆ ਪਤਨੀ ਦਾ ਸਰੂਪ।
ਇਹ ਸੀ ਇਸ ਦਾ ਦੂਜਾ ਰੂਪ।

ਫਿਰ ਲਿਆ ਇਸ ਨੇ ਮਾਂ ਦਾ ਰੂਪ।
ਜਿਸ ਵਿਚੋਂ ਦਿਸਿਆ ਰੱਬ ਦਾ ਸਰੂਪ।
ਜਿਸ ਵਿਚ ਸਮਾਇਆ ਮਮਤਾ ਦਾ ਸਰੂਪ।
ਇਹ ਸੀ ਇਸ ਦਾ ਤੀਜਾ ਰੂਪ।

ਫਿਰ ਲਿਆ ਇਸ ਨੇ ਸੱਸ ਦਾ ਰੂਪ।
ਨੂੰਹਾਂ ਪੁੱਤਾਂ ਤੇ ਪਾ ਕੇ ਰੋਹਬ।
ਥੋੜ੍ਹੀ ਬਣ ਜਾਂਦੀ ਹੈ ਖੜੂਸ।
ਇਹ ਹੈ ਇਸ ਦਾ ਚੌਥਾ ਰੂਪ।

ਫਿਰ ਲਿਆ ਇਸ ਨੇ ਦਾਦੀ ਦਾ ਰੂਪ।
ਪੋਤੇ ਪੋਤੀਆਂ ਨਾਲ ਖੇਡ ਖੇਡ ਕੇ।
ਦਾਦੀ ਮਾਂ ਨੂੰ ਚੜ੍ਹ ਜਾਏ ਸਰੂਰ।
ਇਹ ਹੈ ਇਸ ਦਾ ਪੰਜਵਾਂ ਰੂਪ।

**ਮਨਦੀਪ ਕੌਰ**
**ਪਿੰਡ ਬੈਸ ਅਵਾਨ**
**ਕਲਾਸ ਨੌਵੀਂ**
**97793-91719**

*****

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

ਗੁਰਮੁਖ ਜਨਮ ਸਵਾਰਿ ਕਰਹਾਹਿ ਕਝਿਆ

# ਸ਼ੋਕ ਸਮਾਚਾਰ



ਸੂਬੇਦਾਰ ਫੌਜਾ ਸਿੰਘ ਪਿੰਡ-ਦੋਲੋਵਾਲ, ਡਾਕਖਾਨਾ-ਮਿਆਣੀ ਭਗੁਪੁਰੀਆਂ, ਜ਼ਿਲ੍ਹਾ-ਕਪੂਰਥਲਾ ਮਿਤੀ-27-10-2015 ਨੂੰ ਲਗਪਗ 92 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਇਹਨਾਂ ਦਾ ਜਨਮ 37 ਚੱਕ, ਤਹਿਸੀਲ-ਚੂਨੀਆਂ, ਜ਼ਿਲ੍ਹਾ-ਲਾਹੌਰ ਵਿਖੇ ਲੰਬੜਦਾਰ ਗੋਪਾਲ ਸਿੰਘ ਅਤੇ ਮਾਤਾ ਮੰਗਲ ਕੌਰ ਦੇ ਘਰ 1924 ਨੂੰ ਹੋਇਆ। ਆਪ ਜੀ ਨੇ ਡੇਰਾ ਸਾਹਿਬ ਲਾਹੌਰ ਗੁਰਦੁਆਰਾ ਸਾਹਿਬ ਵਿਖੇ ਸੇਵਾ ਕੀਤੀ ਅਤੇ ਦੇਸ਼ ਅਜ਼ਾਦ ਹੋਣ ਉਪਰੰਤ ਭਾਰਤੀ ਫੌਜ ਵਿਚ 14 ਸਾਲ ਪੰਜਾਬ ਨਾਭਾ ਅਕਾਲ ਇਨਫੈਨਟਰੀ ਵਿਚ ਸਰਵਿਸ ਕੀਤੀ ਅਤੇ 1962-65 ਦੀਆਂ ਲੜਾਈਆਂ ਵੀ ਲੜੀਆਂ। 1971 ਵਿਚ ਨਾਇਬ ਸੂਬੇਦਾਰ ਦੇ ਰੈਂਕ ਤੋਂ ਪੈਨਸ਼ਨ ਆ ਗਏ ਅਤੇ ਸਮਾਜਕ, ਧਾਰਮਿਕ ਕੰਮਾਂ ਵਿਚ ਲਗੇ ਰਹੇ। ਇਹਨਾਂ ਲੰਬਾ ਸਮਾਂ ਡੇਰਾ ਸੰਤ ਪ੍ਰੇਮ ਸਿੰਘ, ਬੇਗੋਵਾਲ ਵਿਖੇ ਕੀਰਤਨ ਦੀ ਨਿਸ਼ਕਾਮ ਸੇਵਾ ਕੀਤੀ। ਅਕਾਲੀ ਦਲ ਨਾਲ ਅੰਤਿਮ ਸਮੇਂ ਤੱਕ ਜੁੜੇ ਰਹੇ। ਗਰੀਬ ਬੱਚਿਆਂ ਦੇ ਆਪ ਇਲਾਜ ਕਰਾਉਂਦੇ ਰਹੇ ਅਤੇ ਹੋਰ ਸੇਵਾਵਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਇਹਨਾਂ ਦੇ ਦੋ ਸਪੁੱਤਰ ਅਤੇ ਦੋ ਸਪੁੱਤਰੀਆਂ ਹਨ। ਸ. ਮਨਜੀਤ ਸਿੰਘ ਅਤੇ ਸ. ਕਰਨੈਲ ਸਿੰਘ ਦੋਵੇਂ ਸਪੁੱਤਰ ਉੱਚ ਅਹੁਦਿਆਂ ਤੋਂ ਰਿਟਾਇਰਡ ਹੋਏ ਹਨ।

ਇਹਨਾਂ ਦੇ ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 1 ਨਵੰਬਰ 2015 ਨੂੰ ਪਿੰਡ ਦੋਲੋਵਾਲ ਵਿਖੇ ਪਾਏ ਗਏ। ਅੰਤਿਮ ਅਰਦਾਸ ਵਿਚ ਰਿਸ਼ਤੇਦਾਰਾਂ ਤੋਂ ਇਲਾਵਾ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਹਸਤੀਆਂ ਸ਼ਾਮਲ ਹੋਈਆਂ। ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਇਸਤਰੀ ਵਿੰਗ), ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਤੇ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਦਮਦਮਾ ਸਾਹਿਬ ਨੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਤੇ ਪਰਿਵਾਰ ਵਲੋਂ ਉਹਨਾਂ ਦੀ ਯਾਦ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ 2100/- ਰੁਪਏ ਭੇਟ ਕੀਤੇ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ ਉਹਨਾਂ ਦੀ ਅਤਿ ਧੰਨਵਾਦੀ ਹੈ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

(ਹਰਬੰਸ ਸਿੰਘ)

ਜਨਰਲ ਸਕੱਤਰ

# ਸ਼ੋਕ ਸਮਾਚਾਰ

